# Section –B (Introduction to Bani)

# Japuji, Asa ki vaar, Anand, SidhGost

## ਜਪੁਜੀ ਸਾਹਿਬ

**1.0 ਜਾਣ-ਪਛਾਣ**

**1.1 ਜਪੁਜੀ ਸਾਹਿਬ' ਦਾ ਰਚਨਾ ਕਾਲ**

**1.2 ਸਿਰਲੇਖ**

**1.3 ਜਪੁਜੀ ਸਾਹਿਬ ਦੀ ਬਣਤਰ**

**1.4 ਜਪੁ ਤੇ ਵਿਧੀ**

**1.5 ਸਾਰ**

**1.0 ਜਾਣ-ਪਛਾਣ**

ਜਪੁਜੀ ਸਾਹਬਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੁੱਢਲੀ ਬਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੁਭ ਆਗਾਜ਼ ਇਸ ਪਵਿੱਤਰ ਅਤੇ ਅੰਮ੍ਰਿਤਮਈ ਬਾਣੀ ਨਾਲ ਹੁੰਦਾ ਹੈ। ਜਪੁਜੀ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਹਾਨੀ ਸਾਰਾਂਸ਼ ਆਖਿਆ ਜਾ ਸਕਦਾ ਹੈ। ਜਪੁਜੀ ਸਾਹਿਬ ਦਾ ਪ੍ਰਕਾਸ਼ ਦੈਵੀ ਸੁਰਤਿ ਵਿੱਚੋਂ ਹੋਇਆ ਹੈ, ਸੁਰਤਿ ਦੀਆਂ ਸੰਪੂਰਨ ਸੰਭਾਵਨਾਵਾਂ ਜਪੁਜੀ ਵਿੱਚੋਂ ਰੂਪਮਾਨ ਹੁੰਦੀਆਂ  ਹਨ।

ਭਾਈ ਗੁਰਦਾਸ ਜੀ ਜਪੁਜੀ ਨੂੰ ਵਿਸ਼ੇਸ਼ ਸਤਿਕਾਰ ਦਿੰਦੇ ਹੋਏ ਲਿਖਦੇ ਹਨ ਕਿ ਇਸ ਦਾ ਨਿਤਨੇਮ ਨਾਲ ਨੇੜ੍ਹਤਾ ਸੰਬੰਧ ਹੈ, ਗੁਰਸਿੱਖਾਂ ਦਾ ਇਸ ਵਿਸ਼ੇਸ਼ ਬਾਣੀ ਨਾਲ ਮੁੱਢ ਤੋਂ ਹੀ ਦੈਵੀ ਲਗਾਅ ਹੈ:

ਅੰਮ੍ਰਿਤ ਵੇਲੇ ਉਠਿ ਕੈ ਜਾਇ ਦਰਿਆਇ ਨਵੰਦੇ।
ਸਹਜਿ ਸਮਾਧਿ ਅਗਾਧਿ ਵਿਤਿ ਇਕ ਮਨ ਹੋਇ ਗੁਰ 'ਜਾਪਿ' ਜਪੰਦੇ।
ਮਥੈ ਟਿਕੇ ਲਾਲ ਲਾਇ, ਸਾਧ ਸੰਗਤਿ ਚਲਿ ਜਾਇ ਬਹੰਦੇ।
ਸਬਦੁ ਸੁਰਤਿ ਲਿਵਲੀਣੁ ਹੋਇ, ਸਤਿਗੁਰ ਬਾਣੀ ਗਾਵਿ ਸੁਣੰਦੇ।

ਸਿੱਖ ਆਪਣਾ ਮੁੱਢਲਾ ਕਰਤੱਵ ਅਤੇ ਜੀਵਨ ਦਾ ਮੁੱਖ ਆਧਾਰ ਜਪੁਜੀ ਨੂੰ ਹੀ ਮੰਨਦੇ ਹਨ। 'ਜਪੁ ' ਸਦੀਵੀ ਅਤੇ ਸ੍ਰੇਸ਼ਟ ਗੁਣਾਂ ਕਾਰਨ ਵਿਸ਼ਵ ਦੀ ਉਚ ਕੋਟੀ ਦੀ ਰਚਨਾ ਹੈ । ਇਸ ਵਿਚ ਭਾਵ , ਬੁੱਧੀ ਅਤੇ ਕਲਾ ਤਿੰਨਾਂ ਦਾ ਸੰਜੋਗ ਹੈ । ਇਸ ਵਿਚ ਗੁਰੂ ਨਾਨਕ ਸਾਹਿਬ ਨੇ ਸਿਰਜਨਾਤਮਕ ਪ੍ਰਤਿਭਾ ਦਾ ਉਸਾਰੂ ਰੋਲ ਅਦਾ ਕੀਤਾ ਹੈ । ਇਸ ਵਿਚ ਉਪਨਿਸ਼ਦਾਂ ਦਾ ਸਾਰ ਹੀ ਨਹੀਂ ਸਗੋਂ ਸਿੱਖ ਦਰਸ਼ਨ ਦਾ ਸਾਰ ਵੀ ਮਿਲਦਾ ਹੈ। ਜਿਵੇਂ ਪੰਛੀ ਰਾਤ ਦੇ ਘੋਰ ਹਨੇਰੇ ਮਗਰੋਂ ਅੰਮ੍ਰਿਤ ਵੇਲੇ ਦੀ ਜਾਗ ਨਾਲ ਚਹਿਕਾ ਉਠਦੇ ਹਨ । ਇਸੇ ਤਰ੍ਹਾਂ ਅਗਿਆਨਤਾ ਦੇ ਹਨੇਰੇ ਮਗਰੋਂ ਜਦੋਂ ਸੱਚ ਦਾ ਪ੍ਰਕਾਸ਼ ਮਨੁੱਖੀ ਹਿਰਦੇ ਵਿਚ ਹੁੰਦਾ ਹੈ ਤਾਂ ਇਸ ਜਾਗ ਦਾ ਈਲਾਹੀ ਨਾਦ ਵੱਜਦਾ ਹੈ । ਇਸਦੀ ਗਵਾਹੀ ਜਪੁਜੀ ਸਾਹਿਬ ਦੀ ਬਾਣੀ ਵਿਚੋਂ ਵੀ ਰੂਪਮਾਨ ਹੁੰਦੀ ਹੈ:

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ।।

ਪ੍ਰੋ : ਪੂਰਨ ਸਿੰਘ ਇਸਨੂੰ ਅੰਮ੍ਰਿਤ ਵੇਲੇ ਦਾ ਗੀਤ ਕਹਿੰਦੇ ਹਨ , ਜਿਸ ਬਿਨਾਂ ਮੌਤ ਹੈ , ਅੰਤ ਹੈ । ਇਹ ਸਿੱਖੀ ਦਾ ਮੂਲ ਮੰਤਰ ਹੈ ਅਤੇ ਸਿੱਖਾਂ ਦੇ ਮਹਾਨ ਧਾਰਮਿਕ ਗ੍ਰੰਥ ਵਿਚ ਇਸਦਾ ਪਹਿਲਾ ਸਥਾਨ ਹੈ । ਇਸਨੂੰ ਅਜਿਹਾ ਕੁੱਜਾ ਕਿਹਾ ਜਾ ਸਕਦਾ ਹੈ ਜਿਸ ਵਿਚ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਰੂਪੀ ਸਾਗਰ ਬੰਨ੍ਹਿਆ ਹੋਇਆ ਹੈ ।

**1.1'ਜਪੁਜੀ ਸਾਹਿਬ' ਦਾ ਰਚਨਾ ਕਾਲ : -**

ਮਹਾਨ ਰਚਨਾਵਾਂ ਸਮੇਂ ਦੇ ਪ੍ਰਭਾਵ ਤੋਂ ਮੁਕਤ ਹੁੰਦੀਆਂ ਹਨ, ਇਹ ਹਰ ਕਾਲ ਵਿਚ ਉਨੀਆਂ ਹੀ ਕਾਰਗਰ ਹੁੰਦੀਆਂ ਹਨ ਜਿੰਨੀਆਂ ਕਿ ਰਚਨ ਕਾਲ ਸਮੇਂ । ਜਪੁਜੀ ਸਾਹਿਬ ਦੇ ਰਚਨ ਕਾਲ ਬਾਰੇ ਵੱਖ-ਵੱਖ ਸਾਖੀਆਂ ਪ੍ਰਚੱਲਿਤ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

'ਪੁਰਾਤਨ ਜਨਮਸਾਖੀ' ਜੋ 1507 ਈ: ਵਿਚ ਲਿਖੀ ਗਈ, ਵਿਚ ਗੁਰੂ ਨਾਨਕ ਸਾਹਿਬ ਦੇ 27 ਸਾਲ ਦੀ ਉਮਰ ਵਿਚ ਵੇਈਂ ਨਦੀ ਵਿਚ ਅਲੋਪ ਹੋਣ ਦੀ ਸਾਖੀ ਆਉਂਦੀ ਹੈ । ਜਦੋਂ ਉਨ੍ਹਾਂ ਨੇ 'ਪ੍ਰਮੇਸ਼ਰ ਦੀ ਦਰਗਾਹ' ਵਿਚ ਪ੍ਰਵੇਸ਼ ਕੀਤਾ । ਸਾਖੀਕਾਰ ਇਸ ਤਰ੍ਹਾਂ ਲਿਖਦਾ ਹੈ : - ਤਬਿ ਆਵਾਜ਼ ਹੋਆ - ਨਾਨਕ ! ਮੇਰਾ ਹੁਕਮ ਤੇਰੀ ਨਦਰੀ ਆਇਆ ਹੈ , ਤੂੰ ਮੇਰੇ ਹੁਕਮ ਕੀ ਸਿਫ਼ਤਿ ਕਰ । ਤਬ ਬਾਬਾ ਬੋਲਿਆ । ਧੁਨਿ ਉਠੀ : ਰਾਗ ਆਸਾ ਜਪੁ ਮ : ੧ । ਸਲੋਕ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ । ਨਾਨਕ ਹੋਸੀ ਭੀ ਸਚੁ ( ੧ ) ਜਪੁ ਸੰਪੂਰਣ ਕੀਤਾ ।

ਇਸੇ ਤਰ੍ਹਾਂ ਸ਼ੰਭੂ ਨਾਥ ਦੀ ਜਨਮਸਾਖੀ , ਸੋਢੀ ਮਿਹਰਬਾਨ ਦੀ ਜਨਮਸਾਖੀ , ਭਾਈ ਬਾਲੇ ਵਾਲੀ ਜਨਮਸਾਖੀ ਅਤੇ ਹੋਰ ਕਈ ਸਾਖੀਆਂ ' ਜਪੁ ' ਦੇ ਰਚਨ ਕਾਲ ਸੰਬੰਧੀ ਪ੍ਰਚਲਿੱਤ ਹਨ। ਪਰ ਪ੍ਰਮਾਣੀਕ ਕੋਈ ਵੀ ਨਹੀਂ ਕਹੀ ਜਾ ਸਕਦੀ।

ਭਾਈ ਮਨੀ ਸਿੰਘ ਇਸ ਬਾਣੀ ਦਾ ਪਿਛੋਕੜ ਸਿੱਧਾਂ ਜੋਗੀਆਂ ਨਾਲ ਹੋਈ ਗੋਸ਼ਟਿ ਦੱਸਦੇ ਹਨ। ਭਾਈ ਜੋਧ ਸਿੰਘ ਅਨੁਸਾਰ ਇਹ ਉਪਦੇਸ਼ ਕਿਸੇ ਜਗਿਆਸੂ ਪ੍ਰਤੀ ਹੈ ਜੋ ਪ੍ਰਸ਼ਨ ਕਰਦਾ ਹੈ ਤੇ ਗੁਰੂ ਜੀ ਅਗੋਂ ਉਤਰ ਦਿੰਦੇ ਹਨ। ਡਾ : ਮੋਹਨ ਸਿੰਘ ਅਤੇ ਭਾਈ ਸੰਤੋਖ ਸਿੰਘ ( ਕਰਤਾ ਸੂਰਜ ਪ੍ਰਕਾਸ਼ ) ਅਨੁਸਾਰ ਜਦੋਂ ਗੁਰੂ ਨਾਨਕ ਦੇਵ ਕਰਤਾਰਪੁਰ ਟਿੱਕੇ ਸਨ , ਤਾਂ ' ਦਰਗਾਹ ਪਰਮੇਸੁਰ ਕੀ ਬੁਲਾਇਆ " । ਉਥੋਂ ਵਾਪਸ ਆਕੇ ਆਪਣੇ ਸਿੱਖ ਅੰਗਦ ਨੂੰ ਕਿਹਾ, ਪੁਰਖਾ ! ਪਾਰਬ੍ਰਹਮ ਦਾ ਹੁਕਮ ਹੈ ਕਿ ਸਿਫਤਿ ਮੇਰੀ ਕਰਣੀ। ਗੁਰੂ ਨਾਨਕ ਦੇਵ ਜੀ ਨੇ 'ਆਪਣਾ' ਖ਼ਜ਼ਾਨਾ ਅੰਗਦ ਸਿੱਖ ਕੇ ਹਵਾਲੇ ਕੀਤਾ। ਕਹਿਓਸੁ - ਪੁਰਖਾ ! ਹੁਣ ਤੂੰ ਜਪੁ ਰਚ। ਤਬ ਗੁਰੂ ਬਾਬੇ ਨਾਨਕ ਦੇ ਹਜੂਰਿ ਗੁਰੂ ਅੰਗਦ ਬਾਬੇ ਦੀ ਬਾਣੀ ਦਾ ਜੋੜੁ ਬੰਧਿਆ। ਜਪ ਕਾ। ਅਠਤੀਸ ਪਉੜੀਆਂ ਸਾਰੀ ਬਾਣੀ ਵਿਚਹੁ ਮਥਿ ਕਰਿ ਕਢੀ ਹੈ।

ਪ੍ਰੋ : ਸਾਹਿਬ ਸਿੰਘ ਅਨੁਸਾਰ ' ਜਪੁ ' ਦੀ ਸਾਰੀ ਵਿਚਾਰ " ਕਿਵ ਕੂੜੈ ਤੁਟੈ ਪਾਲਿ ' ' ਦੇ ਧੁਰੇ ਦੁਆਲੇ ਘੁੰਮ ਰਹੀ ਹੈ , ਜੋ ਕਿਸੇ ਜੁੜੇ ਮਨ ਦੀ ਉੱਚੀ ਆਤਮਕ ਉਡਾਰੀ ਦਾ ਹੀ ਨਤੀਜਾ ਹੋ ਸਕਦਾ ਹੈ , ਪ੍ਰਸ਼ਨਾਂ ਉੱਤਰਾਂ ਦਾ ਨਹੀਂ। ਪ੍ਰੋ : ਸਾਹਿਬ ਸਿੰਘ ਅਤੇ ਸੁਰਿੰਦਰ ਸਿੰਘ ਕੋਹਲੀ ਅਨੁਸਾਰ ' ਜਪੁ ' ਗੁਰੂ ਨਾਨਕ ਦੀ ਅੰਤਲੀ ਅਵਸਥਾ ਦੀ ਰਚਨਾ ਹੈ। ਸਭ ਤੋਂ ਪ੍ਰਮਾਣੀਕ ਵਿਚਾਰ ਗੁਰੂ ਘਰ ਦੇ ਵਿਦਵਾਨ ਭਾਈ ਗੁਰਦਾਸ ਜੀ ਦਾ ਮਿਲਦਾ ਹੈ। ਕਿਉਂਕਿ ਸਾਰੀਆਂ ਜਨਮਸਾਖੀਆਂ ਆਪਦੇ ਮਗਰੋਂ ਹੀ ਲਿਖੀਆਂ ਗਈਆਂ, ਭਾਈ ਗੁਰਦਾਸ ਦੀ ਪਹਿਲੀ ਵਾਰ ਅਨੁਸਾਰ ਜਦੋਂ ਗੁਰੂ ਨਾਨਕ ਲੰਬੀਆਂ ਉਦਾਸੀਆਂ ਦੇ ਰਟਨ ਮਗਰੋਂ ਕਰਤਾਰਪੁਰ ਬਿਰਾਜੇ ਤਾਂ ਸਾਰੇ ਸਿੱਖਾਂ ਵਿਚ ਅੰਮ੍ਰਿਤ ਵੇਲੇ ' ਜਪੁ ' ਅਤੇ ਸੰਧਿਆ ਵੇਲੇ ' ਸੋਦਰ ' ਦਾ ਉਚਾਰਣ ਹੋਣ ਲੱਗਾ।

ਬਾਬਾ ਆਯਾ ਕਰਤਾਰਪੁਰ , ਭੇਖ ਉਦਾਸੀ ਸਗਲ ਉਤਾਰਾ ॥

ਉਲਟੀ ਗੰਗ ਵਹਾਈਓਨ , ਗੁਰ ਅੰਗਦ ਸਿਰ ਉਪਰ ਧਾਰਾ ॥

ਬਾਣੀ ਮੁਖਹੁ ਉਚਾਰੀਐ , ਹੋਇ ਰੁਸ਼ਨਾਈ ਮਿਟੈ ਅੰਧਾਰਾ ॥

ਰਾਯਾਨ ਗੋਸ਼ਟ ਚਰਚਾ ' ਸਦਾ , ਅਨਹਦ ਸ਼ਬਦ ਉਠੇ ਧੁਰਕਾਰਾ ॥

ਸੋਦਰ ਆਰਤੀ ਗਾਵੀਅਹਿ , ਅੰਮ੍ਰਿਤ ਵੇਲੇ ਜਾਪ ਉਚਾਰਾ ॥

ਜਦੋਂ ਗੁਰੂ ਨਾਨਕ ਸਾਹਿਬ ਜੀ ਸੌਂਪੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਨਿਭਾਕੇ ਅੰਤਮ ਸਮੇਂ ਕਰਤਾਰਪੁਰ ਵਰਗੀ ਇਕਾਂਤ ਥਾਂ ਉਤੇ ਆ ਟਿਕੇ ਤਾਂ ਆਪਨੇ ਸਾਰੀ ਜ਼ਿੰਦਗੀ ਵਿਚ ਕੀਤਾ ਅਧਿਐਨ ‘ ਜਪੁ ’ ਦੀ ਮਹਾਨ ਰਚਨਾ ਵਿਚ ਭਰ ਦਿਤਾ , ਜਿਸਦਾ ਮਗਰੋਂ ਅੰਮ੍ਰਿਤ ਵੇਲੇ ਆਪਦੇ ਸਿੱਖਾਂ ਵਲੋਂ ਨੇਮ ਨਾਲ ਜਾਪ ਹੋਣ ਲਗਾ। ਸੋ ‘ ਜਪੁ ’ ਨੂੰ ਗੁਰੂ ਨਾਨਕ ਦੀ ਅੰਤਲੀ ਅਵਸਥਾ ਦੀ ਬਾਣੀ ਹੀ ਕਿਹਾ ਜਾ ਸਕਦਾ ਹੈ।

**1.2 ਸਿਰਲੇਖ :-** ਗੁਰੂ ਨਾਨਕ ਸਾਹਿਬ ਜੀ ਦੀਆਂ ਬਾਕੀ ਰਚਨਾਵਾਂ ਵਾਂਗ ‘ਜਪੁ’ ਉਪਰ ਮਹਲਾ ? ਨਹੀਂ ਲਿਖਿਆ ਮਿਲਦਾ, ਜਿਸ ਤੋਂ ਸਿੱਧ ਹੋ ਜਾਂਦਾ ਹੈ ਕਿ ਇਹ ਰਚਨਾ ਕੇਵਲ ਗੁਰੂ ਨਾਨਕ ਦੀ ਕ੍ਰਿਤ ਹੀ ਨਹੀਂ ਸਗੋਂ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਸਰਮਾਇਆ ਹੈ। ਗੁਰੂ ਗ੍ਰੰਥ ਸਾਹਿਬ ਦੀ ਉਸਾਰੀ ਇਸੇ ਨੂੰ ਨੀਂਹ ਬਣਾਕੇ ਕੀਤੀ ਗਈ ਹੈ। ‘ ਜਪੁ ’ ਸ਼ਬਦ ਦੇ ਪਹਿਲਾਂ ਅਤੇ ਪਿਛੋਂ ਪੂਰਣ ਵਿਸਰਾਮ ਦੀਆਂ ਡੰਡੀਆਂ ਹਨ , ਜਿਸ ਤੋਂ ਭਾਵ ਬਾਣੀ ਦਾ ਸਿਰਲੇਖ ਹੈ। ਅਸਲ ਰਚਨਾ ‘ ਜਪੁ ’ ਸ਼ਬਦ ਦੇ ਮਗਰੋਂ ਸ਼ੁਰੂ ਹੁੰਦੀ ਹੈ। ਭਾਈ ਗੁਰਦਾਸ ਨੇ ਇਸ ਨੂੰ ਗੁਰ ਮੰਤਰ ਕਿਹਾ :

ਅੰਮ੍ਰਿਤ ਵੇਲੇ ਨਾਵਣਾ ਗੁਰਮੁਖ ਜਪ ਗੁਰ ਮੰਤ੍ਰ ਜਪਾਇਆ ॥ ( ਵਾਰ ੨੬੪ )

‘ ਜਪੁ ’ ਦਾ ਅਰਥ ਹੈ ‘ ਘੜੀ-ਘੜੀ ਮੁੜ-ਮੁੜ ਵਿਚਾਰ ਕਰਨ ਵਾਲੀ ਬਾਣੀ’। ‘ਜਪੁ’ ਇਕ ਅਜਿਹੀ ਸੂਤਰਮਈ ਰਚਨਾ ਹੈ ਜਿਸ ਵਿਚ ਸਾਰੇ ਗੁਰਮਤਿ ਦਰਸ਼ਨ ਦਾ ਸਾਰ ਆ ਗਿਆ ਹੈ। ਆਦਰਸ਼ਕ ਜੀਵਨ ਜਿਉਣ ਲਈ ਇਹ ਮਹਾਨ ਮੰਤਰ ਹੈ।

ਪੰਡਿਤ ਕਰਤਾਰ ਸਿੰਘ ਦਾਖਾ ਅਨੁਸਾਰ ' ਜਪੁ ' ਇਸ਼ਟ ਦੇ ਵਾਰ-ਵਾਰ ਗਾਏ ਜਾਣ ਵਾਲੇ ਗੁਣਾਂ ਦਾ ਸਾਰ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਦੇ ਆਦਿ ਵਿਚ ਜੋ ' ਜਪੁਜੀ ' ਬਾਣੀ ਹੈ ਉਸ ਵਿਚ ਅਸ਼ੀਰਵਾਦ ਅਤੇ ਨਮਸ਼ਕਾਰ ਦੇ ਰੂਪ ਵਿਚ ਅਕਾਲ ਪੁਰਖ ਦੇ ਗੁਣਾਂ ਦਾ ਵਾਰ-ਵਾਰ ਕੀਰਤਨ ਕੀਤਾ ਗਿਆ ਹੈ। ਇਸ ਕਰਕੇ ਉਕਤ ਬਾਣੀ ਦਾ ਨਾਉਂ ‘ ਜਪੁਜੀ ਸਫ਼ਲ ਹੈ। ਪੰਡਿਤ ਕਰਤਾਰ ਸਿੰਘ ਦਾਖਾ ਨੇ ਪੁਰਾਣੀਆਂ ਲਿਖਤੀ ਬੀੜਾਂ ਦਾ ਹਵਾਲਾ ਦਿੱਤਾ ਹੈ। ਜਿਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਰਾਮ ਦਾਸ ਜੀ ਨੇ ਜਪੁ ਨਾਮ ਦੀ ਬਾਣੀ ਦਾ ਨਾਉਂ ‘ ਜਪੁ ਨੀਸਾਣੁ ' ਰੱਖ ਕੇ ਸਭ ਪਉੜੀਆਂ ਦਾ ਇਕ ਥਾਂ ਸੰਗ੍ਰਹਿ ਕੀਤਾ ਹੈ।

‘ ਜਪੁ ’ ਵਿਚ ਤਿੰਨ ਵਾਰੀ ' ਨੀਸਾਣੁ ' ਸ਼ਬਦ ਆਇਆ ਹੈ :

1 . ਗਾਵੈ ਕੋ ਦਾਤਿ ਜਾਣੈ ਨੀਸਾਣੁ ॥ ( 4 : 3 )

2 . ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ( 4 : 26 )

3. ਨਦਰੀ ਕਰਮਿ ਪਵੈ ਨੀਸਾਣੁ ॥ ( 4 : 34 )

ਇਥੇ ਇਸਦਾ ਭਾਵ ਪਰਵਾਨਗੀ ਦਾ ਚਿੰਨ ਨਿਕਲਦਾ ਹੈ ਅਰਥਾਤ ਇਸ ਬਾਣੀ ਦੇ ਅਭਿਲਾਸ਼ੀ ਨੂੰ ਪ੍ਰਭੂ ਮਿਹਰ ਸਦਕਾ ਪਰਵਾਨਗੀ ਦਾ ‘ ਨਿਸ਼ਾਨ ’ ਲਗ ਜਾਂਦਾ ਹੈ । ' ਜਪੁ ' ਨੂੰ ਗੁਰੂ ਗ੍ਰੰਥ ਸਾਹਿਬ ਦੇ ਮਸਤਕ ਦਾ ‘ਨੀਸਾਣੁ' ਕਿਹਾ ਜਾ ਸਕਦਾ ਹੈ ਜਿਸ ਨਾਲ ਇਹ ਪਵਿਤਰ ਗ੍ਰੰਥ ਸਸ਼ੋਭਤ ਹੈ । ‘ ਜਪੁ ’ ਨਾਲ ‘ ਜੀ ’ ਸ਼ਬਦ ਸਤਿਕਾਰ ਵਜੋਂ ਲਗਾਇਆ ਜਾਂਦਾ ਹੈ ।

**1.3 ਜਪੁਜੀ ਸਾਹਿਬ ਦੀ ਬਣਤਰ:-**

ਜਪੁਜੀ ਸਾਹਿਬ ਵਿਚ ਕੁੱਲ 38 ਪਉੜੀਆਂ ਅਤੇ 2 ਸਲੋਕ ਹਨ। ਜਪੁਜੀ ਸਾਹਿਬ ਵਿਚਾਰ ਪ੍ਰਧਾਨ ਰਚਨਾ ਹੈ। ਜਪੁਜੀ ਦੇ ਕੇਂਦਰ ਵਿਚ ਅਕਾਲ ਪੁਰਖ ਹੈ, ਜਿਸਦਾ ਰੂਪ ਜਪੁ ਬਾਣੀ ਦੇ ਮੁੱਢ ਮੂਲ ਮੰਤਰ ਵਿਚੋਂ ਰੂਪਮਾਨ ਹੋ ਰਿਹਾ ਹੈ:

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ
ਗੁਰਪ੍ਰਸਾਦਿ।।

ਇਹ ਮੂਲ ਮੰਤਰ ਉਸ ਅਕਾਲ ਪੁਰਖ ਦੇ ਨਿਰਗੁਣ ਅਤੇ ਸਰਗੁਣ ਸਰੂਪ ਦਾ ਸੂਚਕ ਹੈ, ਨਾਮ ਦਾ ਪ੍ਰਕਾਸ਼ ਸੋਮਾ ਵੀ ਉਹ ਆਪ ਹੀ ਹੈ। ਜਪੁਜੀ ਸਾਹਿਬ ਵਿਚ ਅਕਾਲ ਪੁਰਖ ਦੀ ਸਰਵਉੱਚ ਸੱਤਾ ਤੋਂ ਬਿਨਾਂ ਉਸਦੇ ਹੁਕਮ ਨੂੰ ਸੁਣਨਾ ਮੰਨਣਾ ਨੂੰ ਵੱਖ-ਵੱਖ ਪਉੜੀਆਂ ਵਿਚ ਬਹੁਤ ਹੀ ਬਾਰੀਕ ਰੂਪ ਵਿਚ ਚਿਤਰਿਆ ਗਿਆ ਹੈ।

ਜਪੁਜੀ ਸਾਹਿਬ ਵਿਚ ਵਿਗਾਸ, ਨਾਮ ਸਿਮਰਨ, ਕੁਦਰਤ ਅਤੇ ਪੰਜ ਵੱਖ-ਵੱਖ ਖੰਡਾਂ ਦੀ ਵੀ ਗੱਲ ਕੀਤੀ ਗਈ ਹੈ ਜੋ ਕਿ ਵੱਖ-ਵੱਖ ਅਵਸਥਾਵਾਂ ਹਨ:- ਜਿਨ੍ਹਾਂ ਵਿਚ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਅੰਤਿਮ ਅਵਸਥਾ ਸੱਚ ਖੰਡ ਹੈ ਜਿੱਥੇ ਜਾ ਕੇ ਮਨੁੱਖ ਪਰਮਾਤਮਾ ਨਾਲ ਇਕਮਿਕ ਹੋ ਜਾਂਦਾ ਹੈ।

**1.4 ਜਪੁ ਤੇ ਵਿਧੀ : -** ਇਤਿਹਾਸਕ ਪਰੰਪਰਾ ਅਨੁਸਾਰ ਕਿਸੇ ਵਿਸ਼ੇਸ਼ ਮੰਤਰ ਨੂੰ ਜੋ ਕਿਸੇ ਵਿਸ਼ੇਸ਼ ਨਿਯਮ ਅਧੀਨ ਉਚਾਰਣ ਕੀਤਾ ਜਾਵੇ , ' ਜਪੁ ' ਕਿਹਾ ਜਾਂਦਾ ਹੈ। ‘ ਜਪੁ ’ ਤਿੰਨ ਪ੍ਰਕਾਰ ਦੇ ਮੰਨੇ ਗਏ ਹਨ। 1. ਵਾਚਕ ਜਪ , 2. ਉਪਾਂਸੂ ਜਪ ੩. ਮਾਨਸ ਜਪ

ਡੀ . ਐਸ . ਸ਼ਰਮਾ ਅਨੁਸਾਰ ਜਪ ਮੰਤਰ ਦਾ ਦੂਹਰਾ ਹੈ ........ ਅਤੇ ਮੰਤਰ ਕਿਸੇ ਵਿਸ਼ੇਸ਼ ਦੇਵਤੇ ਦੀ ਆਵਾਜ਼ ( Sound ) ਦਾ ਸਾਕਾਰ ਰੂਪ ਹੈ।

ਈਸ਼ਵਰ ਦੇ ਨਾਂ ਨੂੰ ਚੁਪ-ਚਾਪ ਉਚਾਰਣ ਨੂੰ ਜਪ ਅਤੇ ਉਚੀ ਉਚਾਰਣ ਨੂੰ ਕੀਰਤਨ ਕਿਹਾ ਜਾਂਦਾ ਹੈ। ਭਾਰਤੀ ਧਰਮਾਂ ਵਿਚ ਸਮੁੱਚੇ ਰੂਪ ਵਿਚ ' ਓਮ ' ਦਾ ਜਾਪ ਪਰਵਾਣਿਆ ਗਿਆ ਹੈ। ਗੀਤਾ ਦੇ ਸ਼ਲੋਕ ਨੰ : ੮.੧੩ ਵਿਚ ਕ੍ਰਿਸ਼ਨ ਜੀ ਨੇ ਕਿਹਾ ਹੈ : - ਜਿਹੜਾ ' ਓਮ ' ਅਖਰ ਰੂਪ ਪਰਮਾਤਮਾ ਨੂੰ ਜਪਦਾ ਹੈ ...... ਉਹ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ। ਸਵਾਮੀ ਰਾਮਦਾਸ ਅਨੁਸਾਰ ਤੋਤੇ ਵਾਂਗ ਰੱਬੀ ਜਾਪ ਦਾ ਕੋਈ ਲਾਭ ਨਹੀਂ। ਜਾਪ ਨਾਲ ਰੱਬੀ ਨਸ਼ਾ ਆ ਜਾਣਾ ਚਾਹੀਦਾ ਹੈ ਅਤੇ ਉਸੇ ਰੱਬੀ ਨਸ਼ੇ ਨਾਲ ਰੱਬੀ ਚੇਤਨਾ ਅਤੇ ਫਿਰ ਇਸ ਤਰ੍ਹਾਂ ਲਗੇ ਕਿ ਤੁਸੀਂ ਤੇ ' ਉਹ ' ਇਕੋ ਹੀ ਹੈ ਅਤੇ ਉਸ ਪਿਛੋਂ ਉਸ ਰੱਬ ਨੂੰ ਹਰ ਸਮੇਂ ਹਾਜ਼ਰ ਸਮਝਣ ਲਗ ਜਾਈਦਾ ਹੈ। ਜਪੁ ਦਾ ਇਹੋ ਪ੍ਰਯੋਜਨ ਹੈ ਜਿਸ ਨਾਲ ਤਵੱਜੋ ਮੁੜ ਮੁੜ ਜਪੇ ਜਾਣ ਵਲ ਮੋੜਾ ਖਾਵੇ।

ਭਾਈ ਜੋਧ ਸਿੰਘ ਅਨੁਸਾਰ , ਜਪੁ ਦਾ ਭਾਵ ਹੈ , ਜੀਭ ਦੁਆਰਾ ਵਾਰ-ਵਾਰ ਉਚਾਰਨਾ। ਪਰੰਤੂ ਇਹ ਰਟਨ ਫਿਰ ਸਿਮਰਨ ਵਿਚ ਜਾ ਟਿਕਦਾ ਹੈ ਤੇ ਨਿਰੰਕਾਰ ਦੀ ਹੋਂਦ ਦਾ ਖਿਆਲ ਹਰ ਵੇਲੇ ਹਿਰਦੇ ਵਿਚ ਕਾਇਮ ਰਹਿੰਦਾ ਹੈ। ਸੋ ਇਸ ਮਹਾਨ ਰਚਨਾ ਵਾਂਗ ‘ ਜਪੁ ’ ਸਿਰਲੇਖ ਵੀ ਆਪਣੇ ਆਪ ਵਿਚ ਮਹਾਨ ਕ੍ਰਿਤੀ ਹੈ। ਗੁਰੂ ਨਾਨਕ ਸਾਹਿਬ ਦਾ ‘ਜਪੁ’ ਤੋਂ ਭਾਵ ਕਿਸੇ ਦੇਵੀ ਦੇਵਤੇ ਦੀ ਉਪਾਸ਼ਨਾ ਜਾਂ ਕਿਸੇ ਮੰਤਰ ਦੇ ਸਿਮਰਨ ਤੋਂ ਨਹੀਂ ਸਗੋਂ ‘ ੴ ’ ਦੇ ਸਿਮਰਨ ਤੋਂ ਹੈ , ਜੋ ‘ ਕਰਤਾ ਪੁਰਖ ’ ਅਤੇ ‘ ਅਕਾਲ ਮੂਰਤਿ ’ ਹੈ। ‘ ਜਪੁ ’ ਤੋਂ ਭਾਵ ਸਮੂਹ ਤੰਤਰਾਂ ਮੰਤਰਾਂ ਅਤੇ ਜੰਤਰਾਂ ਨੂੰ ਝੁਠਲਾ ਕੇ ਸੱਚੋ ਪ੍ਰਭੂ ਦੇ ਗੁਣਾਂ ਦਾ ਜਾਪ ਕਰਨਾ ਹੈ। ਸੋ ‘ ਜਪੁ ’ ਸਿਰਲੇਖ ਵਿਚ ਸਾਰੀ ਰਚਨਾ ਦਾ ਸਾਰ ਹੈ।

‘ ਜਪੁ ’ ਅੰਮ੍ਰਿਤ ਵੇਲੇ ਪਰਮਸਤਿ ਦਾ ਜਸ ਗਾਇਨ ਕਰਨ ਦੀ ਬਾਣੀ ਹੈ। ਹੁਣ ਤਕ ਇਸ ਅਮਰ ਬਾਣੀ ਦੇ ਪੰਜਾਬੀ , ਹਿੰਦੀ , ਸੰਸਕ੍ਰਿਤ , ਉਰਦੂ , ਫ਼ਾਰਸੀ , ਬੰਗਾਲੀ , ਮਰਾਠੀ ਆਦਿ ਬੋਲੀਆਂ ਵਿਚ ਬਹੁਤ ਸਾਰੇ ਟੀਕੇ ਅਨੁਵਾਦ ਅਤੇ ਸ਼ਬਦਾਰਥ ਹੋ ਚੁਕੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਾਰੀਆਂ ਬਾਣੀਆਂ ਨਾਲੋਂ ‘ ਜਪੁਜੀ

ਸਾਹਿਬ ' ਦਾ ਸਭ ਤੋਂ ਵਧੇਰੇ ਪਾਠ ਅਤੇ ਪ੍ਰਚਾਰ ਕੀਤਾ ਜਾਂਦਾ ਹੈ। ਇਹ ਸਿੱਖ ਧਰਮ ਦੇ ਨਿਤਨੇਮ ਦੀ ਮਹਾਨ ਤੇ ਪ੍ਰਸਿੱਧ ਬਾਣੀ ਹੈ। ਇਸ ਵਿਚ ਸਿਖ ਧਰਮ ਦੇ ਸਿਧਾਂਤ ਮੋਤੀਆਂ ਵਾਂਗ ਪਰੋਏ ਹੋਏ ਹਨ।

**1.5 ਸਾਰ**

ਸੋ ' ਜਪੁਜੀ ਸਾਹਿਬ ' ਵਿਚਲੇ ਦਰਸ਼ਨ ਭਰਪੂਰ ਵਿਚਾਰ , ਮਹਾਨ ਹਨ। ਗੁਰੂ ਨਾਨਕ ਸਾਹਿਬ ਦੀ ਇਹ ਕ੍ਰਿਤ ਸਰਵੋਤਮ ਅਤੇ ਆਪਦੀ ਇਲਾਹੀ ਦੇਣ ਹੈ। ਆਤਮਿਕ ਖੋਜੀਆਂ ਅਤੇ ਪਰਮਾਰਥ ਦੇ ਜਗਿਆਸੂਆਂ ਲਈ ਇਹ ਇਕ ਚਾਨਣ ਮੁਨਾਰਾ ਹੈ। ਇਸਦੀ ਸ਼ੈਲੀ ਗਠਵੀਂ ਅਤੇ ਸੰਕੋਚਵੀਂ , ਵਿਚਾਰ ਡੂੰਘੇ , ਗੰਭੀਰ ਤੇ ਸੂਖਮ ਹਨ। ਧਰਮ ਦੇ ਰਾਹੀਆਂ ਨੂੰ ਸੱਚਾ ਮਾਰਗ ਦਰਸਾਉਣ ਲਈ ਇਹ ਮਹਾਨ ਕ੍ਰਿਤ ਯੋਗ ਅਗਵਾਈ ਦਾ ਕੰਮ ਦਿੰਦੀ ਹੈ। ਇਸਦਾ ਵਿਸ਼ਾ ਸਚਿਆਰ ਦੇ ਨਿਰਾਕਾਰ ਰਹੱਸਾਂ ਵਿੱਚ ਹੀ ਅਨਿੱਖੜ੍ਹ ਰੂਪ ਵਿਚ ਸੰਮਲਿਤ ਹੈ। ਇਸ ਤਰ੍ਹਾਂ ਇਹ ਅਮਰ ਰਚਨਾ ਸਾਰੀਆਂ ਅਧਿਆਤਮਕ ਰਚਨਾਵਾਂ ਦੇ ਮੁਕਾਬਲੇ ਮਹਾਨ ਅਤੇ ਹਰਮਨ ਪਿਆਰੀ ਰਚਨਾ ਹੈ।

**ਆਸਾ ਕੀ ਵਾਰ**

**1.0 ਜਾਣ-ਪਛਾਣ**

**1.1 ਵਾਰ ਕਾਵਿ ਰੂਪ**

**1.2 ਧਾਰਮਿਕ ਵਾਰ ਸਾਹਿਤ**

**1.3 ਬਣਤਰ**

**1.4 ਭਾਵ-ਅਰਥ**

**1.5 ਦਾਰਸ਼ਨਿਕ ਪੱਖ**

**1.6 ਸਮਾਜਿਕ ਪੱਖ**

**1.7 ਇਸਤਰੀਆਂ ਦੀ ਸਥਿਤੀ ਦਾ ਵਰਣਨ**

**1.8 ਬੋਲੀ**

**1.9 ਸਾਰ**

**1.0 ਜਾਣ-ਪਛਾਣ**

ਗੁਰੂ ਨਾਨਕ ਦੇਵ ਜੀ ਦੀ ਰਚਿਤ ਬਾਈ ' ਆਸਾ ਕੀ ਵਾਰ ਯੁੱਗ ਬਦਲਾਉ ਭਾਵਨਾਵਾਂ ਦਾ ਸੰਚਾਰ ਕਰਦੀ ਹੈ। ਗੁਰੂ ਸਾਹਿਬ ਨੇ ਇਸ ਵਿੱਚ ਪੂਰੀ ਬੇਲਿਹਾਜ਼ੀ ਅਤੇ ਨਿਧੜਕ ਹੋ ਕੇ ਰਾਜਿਆ , ਜ਼ੋਗੀਆਂ , ਕਾਜੀਆਂ ਅਤੇ ਧਰਮ ਪ੍ਰਚਾਰਕਾਂ ਨੂੰ ਸੱਚ ਦਾ ਉਪਦੇਸ਼ ਦਿੱਤਾ ਅਤੇ ਸਮਾਜ ਨੂੰ ਆਦਰਸ਼ ਜੀਵਨ ਜਾਚ ਦੱਸੀ । ਸਮਾਜ , ਸਾਡਾ ਸਾਰਿਆਂ ਦਾ ਕੇਂਦਰੀ ਧੁਰਾ ਹੈ । ਉਸ ਸਮੇਂ ਦੇ ਸਮਾਜ ਵਿੱਚ ਬ੍ਰਾਹਮਣਾਂ ਦਾ ਬੋਲਬਾਲਾ ਸੀ ਅਤੇ ਸਮਾਜ ਨੂੰ ਜਾਤ - ਪਾਤ , ਛੂਤ - ਛਾਤ ਵਰਗੀਆਂ ਬਿਮਾਰੀਆਂ ਲੱਗ ਗਈਆ ਸਨ ਅਤੇ ਭੁੱਲੀ - ਭੱਟਕੀ ਮਨੁੱਖਤਾ ਨੂੰ ਧਰਮ ਦੇ ਠੇਕੇਦਾਰ ਉਲਝਾ ਰਹੇ ਸਨ ਤਾਂ ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਥਾਂ - ਥਾਂ ਭ੍ਰਮਣ ਕਰਕੇ ਸਮਾਜ ਸਾਰਥਕ ਕੀਮਤਾਂ ਤੋਂ ਜਾਣੂ ਕਰਵਾਇਆ ਅਤੇ ਆਪਣੀ ਇਸ ਬਹੁਮੁੱਲੀ ਰਚਨਾ ਵਿਚ ਕੁਰੀਤੀਆਂ ਦਾ ਡੱਟ ਕੇ ਵਿਰੋਧ ਕੀਤਾ , ਜੋ ਸਮਾਜ ਦਾ ਸੰਤੁਲਨ ਵਿਗਾੜ ਰਹੀਆਂ ਸਨ । ਸਮਾਜ ਦੇ ਲੋਕ ਸਿਰਫ ਕਰਮਕਾਂਡ ਤਕ ਹੀ ਸੀਮਤ ਰਹਿ ਗਏ ਸਨ , ਅਜਿਹੇ ਪਖੰਡੀ ਲੋਕ ਕੇਵਲ ਬਾਹਰੀ ਤੌਰ ' ਤੇ ਧਰਮੀ ਸਨ ਪਰ ਝੂਠ ਦੀ ਕਾਲਖ ਨਾਲ ਕਾਲੇ ਹੋ ਚੁੱਕੇ ਸਨ । ਗੁਰੂ ਸਾਹਿਬ ਨੇ ਆਪਣੀ ਇਸ ਵਾਰ ਰਾਹੀਂ ਦੱਸਿਆ ਹੈ ਕਿ ਜੇਕਰ ਮਨ ਮੈਲਾ ਹੈ ਤਾਂ ਤਨ ਦੀ ਸਫਾਈ ਅਧੂਰੀ ਹੈ ।

1.1 **ਵਾਰ ਕਾਵਿ - ਰੂਪ**

ਪੰਜਾਬੀ ਸਾਹਿਤ ਦਾ ਨਿਰੋਲ ਆਪਣਾ ਅਤੇ ਬੇਹੱਦ ਮਕਬੂਲ ਕਾਵਿ - ਰੂਪ ਹੈ। ਪੂਰਵ ਗੁਰੂ ਨਾਨਕ ਕਾਲ ਵਿਚ ਨੌਂ ਲੋਕ ਵਾਰਾਂ ਮਿਲਦੀਆਂ ਹਨ। ਇਨ੍ਹਾਂ ਲੋਕ ਵਾਰਾਂ ਦਾ ਮੂਲ ਮੰਤਵ ਢਾਡੀਆਂ ਦੁਆਰਾ ਰਣ - ਭੂਮੀ ਵਿਚ ਲੜਦੇ ਯੋਧਿਆਂ , ਸੂਰਬੀਰਾਂ ਅਤੇ ਨਾਇਕਾਂ ਦੀ ਬੀਰਤਾ ਦੇ ਕਾਰਨਾਮਿਆਂ ਦਾ ਜਮ - ਗਾਇਨ ਕਰਨਾ ਸੀ। ਇਹ ਕਾਵਿ - ਰੂਪ ਪੰਜਾਬੀ ਵਿਚ ਏਨਾ ਹਰਮਨ ਪਿਆਰਾ ਹੋਇਆ ਕਿ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉਤਰ - ਅਧਿਕਾਰੀ ਸਿੱਖ ਗੁਰੂ ਸਾਹਿਬਾਨ ਨੇ ਸਦਾਚਾਰਕ ਅਤੇ ਆਤਮਕ ਖੇਤਰ ਵਿਚ ਲੋਕਾਂ ਅੰਦਰ ਸੂਰਬੀਰਤਾ ਭਰਨ ਲਈ ਇਸ ਦੀ ਵਰਤੋਂ ਕੀਤੀ ਅਤੇ ਜਨ - ਸਾਧਾਰਨ ਵਿਚ ਇਹ ਵਿਸ਼ੇਸ਼ ਤੌਰ ਤੇ ਪ੍ਰਵਾਨ ਹੋਇਆ। ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਢਾਡੀ ਲਿਖਦੇ ਹਨ ਤਾਂ ਪੰਜਾਬੀ ਵਾਰ ਸਾਹਿਤ ਦੀ ਮਕਬੂਲੀਅਤ ਖ਼ੁਦ - ਬ - ਖ਼ੁਦ ਪ੍ਰਗਟ ਹੁੰਦੀ ਹੈ।

ਹਉ ਢਾਢੀ ਵੇਕਾਰੁ ਕਾਰੈ ਲਾਇਆ।

ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।

ਡਾ . ਕਾਲਾ ਸਿੰਘ ਬੇਦੀ ਲਿਖਦੇ ਹਨ : " ਗੁਰੂ ਨਾਨਕ ਤੋਂ ਪਹਿਲਾਂ ਵਾਰ ਸਾਹਿਤ ਵਿਚ ਕਿਸੇ ਭਾਰਤੀ ਯੋਧੇ ਦੀ ਸੂਰਬੀਰਤਾ ਅਤੇ ਆਦਰਸ਼ਕ ਜੀਵਨ ਦੀ ਪ੍ਰਸੰਸਾ ' ਪਉੜੀ ਛੰਦ ਵਿਚ ਜੋਸ਼ੀਲੇ ਢੰਗ ਨਾਲ ਗਾ ਕੇ ਦੇਸ਼ - ਵਾਸੀਆਂ ਨੂੰ ਉਨ੍ਹਾਂ ਦੀ ਸੌਂ ਚੁੱਕੀ ਮਾਨ - ਮਰਿਆਦਾ ਅਤੇ ਦੇਸ਼ ਦੀ ਰੱਖਿਆ ਵਾਸਤੇ ਲਲਕਾਰਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਵਾਰ ਸਾਹਿਤ ਨੂੰ ਨਵਾਂ ਰਸਤਾ ਵਿਖਾਇਆ ਅਤੇ ਸੰਸਾਰਕ ਪ੍ਰਸੰਸਾ ਤੋਂ ਕੱਢ ਕੇ ਇਸ ਕਾਵਿ - ਰੂਪ ਨੂੰ ਅਧਿਆਤਮਕ ਸਿਧਾਂਤਾਂ ਨੂੰ ਪ੍ਰਗਟਾਉਣ ਲਈ ਬਹੁਤ ਸ਼ਕਤੀਸ਼ਾਲੀ ਅਤੇ ਚੰਗੇ ਢੰਗ ਦਾ ਪ੍ਰਯੋਗ ਕੀਤਾ। "

1.2 **ਧਾਰਮਿਕ ਵਾਰ ਸਾਹਿਤ**

' ਆਸਾ ਦੀ ਵਾਰ ' ਗੁਰੂ ਨਾਨਕ ਜੀ ਦੀਆਂ ਤਿੰਨ ਵਾਰਾਂ ਵਿਚੋਂ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਵਾਰ ਸਾਹਿਤ ਦੀ ਸੁਪ੍ਰਸਿੱਧ ਰਚਨਾ ਹੈ। ਅਸਲ ' ਚ ਗੁਰੂ ਨਾਨਕ ਜੀ ਦੀਆਂ ਲੰਬੀਆਂ ਰਚਨਾਵਾਂ ਵਿਚੋਂ ਜਪੁਜੀ ਸਾਹਿਬ ਅਤੇ ਆਸਾ ਦੀ ਵਾਰ ਸਭ ਤੋਂ ਵੱਧ ਮਹੱਤਵਪੂਰਨ ਹਨ। ਧਾਰਮਿਕ ਇਕੱਠ ਜਾਂ ਜੁੜੀ ਹੋਈ ਸੰਗਤ ਵਿਚ ਜਪੁਜੀ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ ਤਾਂ ਆਸਾ ਦੀ ਵਾਰ ਦਾ ਵਾਜਿਆਂ ਨਾਲ ਰਾਗੀ ਕੀਰਤਨ ਕਰਦੇ ਹਨ। ਗੁਰੂ ਅੰਗਦ ਦੇਵ ਜੀ ਨੇ ਆਸਾ ਦੀ ਵਾਰ ਅੰਮ੍ਰਿਤ ਵੇਲੇ ਗਾਉਣ ਦੀ ਰੀਤ ਚਲਾਈ। ਇਸ ਤਰ੍ਹਾਂ ਪਰੰਪਰਾ ਅਨੁਸਾਰ ਆਸਾ ਦੀ ਵਾਰ ਰੋਜ਼ਾਨਾ ਸਵੇਰੇ ਕੀਰਤਨ ਲਈ ਮੁਕਰਰ ਹੋ ਗਈ ਹੈ। ਅਸੀਂ ਅੱਜ ਵੀ ਹਰ ਰੋਜ ਸਵੇਰੇ ਹਰਿਮੰਦਰ ਸਾਹਿਬ ਤੋਂ ਆਸਾ ਦੀ ਵਾਰ ਦਾ ਨਿਰੰਤਰ ਕੀਰਤਨ ਸੁਣ ਸਕਦੇ ਹਾਂ। ਗੁਰੂ ਨਾਨਕ ਜੀ ਦੀਆਂ ਉਪਰੋਕਤ ਦੋਵੇਂ ਰਚਨਾਵਾਂ ਇਕ ਸਧਾਰਨ ਮਨੁੱਖ ਦੇ ਆਤਮਕ ਅਤੇ ਆਦਰਸ਼ਕ ਜੀਵਨ ਲਈ ਪ੍ਰੇਰਨਾ ਸਰੋਤ ਹਨ ਪਰ ਇਨ੍ਹਾਂ ਦੋਹਾਂ ਵਿਚੋਂ ਆਸਾ ਦੀ ਵਾਰ ਵਧੇਰੇ ਵਿਆਖਿਆਤਮਕ ਹੈ। ਵਾਰ ਸਾਹਿਤ ਦਾ ਸਰਬ - ਪ੍ਰਮੁੱਖ ਲੱਛਣ ਇਸ ਦਾ ਗਾਇਨ ਪੱਖ ਹੈ। ਗੁਰੂ ਅਰਜਨ ਦੇਵ ਜੀ ਨੇ ' ਆਦਿ ਗ੍ਰੰਥ ' ਦੇ ਸੰਕਲਨ ਸਮੇਂ ਵਿਭਿੰਨ ਵਾਰਾਂ ਨੂੰ ਦਰਜ ਕਰਦੇ ਸਮੇਂ ਇਨ੍ਹਾਂ ਨੂੰ ਵੱਖੋ - ਵੱਖ ਧੁਨੀਆਂ ਤੇ ਗਾਉਣ ਦਾ ਆਦੇਸ਼ ਕੀਤਾ ਹੈ। ਇਸ ਪੱਖ ਤੋਂ ਆਸਾ ਦੀ ਵਾਰ ਨੂੰ ' ਟੁੰਡੇ ਅਸਰਾਜੇ ਦੀ ਧੁਨੀ ' ਉੱਪਰ ਗਾਉਣ ਦਾ ਆਦੇਸ਼ ਹੈ ਭਾਵ ਇਹ ਵਾਰ ਰਾਗੀਆਂ ਨੂੰ ਉਸੇ ਧੁਨੀ ਉੱਤੇ ਗਾਉਣੀ ਚਾਹੀਦੀ ਹੈ ਜਿਸ ਉੱਤੇ ਗੁਰੂ ਜੀ ਦੇ ਸਮਕਾਲੀ ਭੱਟ ਟੁੰਡੇ

ਅਸਰਾਜੇ ਦੀ ਲੋਕ ਵਾਰ ਨੂੰ ਗਾਉਂਦੇ ਸਨ । " ਟੁੰਡੇ ਅਸਰਾਜੇ ਦੀ ਕਹਾਣੀ ਪੂਰਨ ਭਗਤ ਦੀ ਭਾਰਤੀ ਕਹਾਣੀ ਅਤੇ ਯੂਸਫ਼ ਜੁਲੈਖਾਂ ਦੀ ਸੈਮਟਿਕ ਕਹਾਣੀ ਦਾ ਅਜਬ ਮਿਲਭੋਗਾ ਹੈ। ਪਵਿੱਤਰਤਾ ਅਤੇ ਨਿਮਰਤਾ ਦੇ ਉੱਚ - ਆਦਰਸ਼ਾਂ ਨੂੰ ਪ੍ਰਗਟਾਉਣ ਵਾਲੇ ਟੁੰਡੇ ਅਸਰਾਜੇ ਨੂੰ ਦੋਖੀ ਤਾਕਤਾਂ ਨਾਲ ਜੂਝਣ ਲਈ ਕਈ ਮੁਸੀਬਤਾਂ ਝਾਗਣੀਆਂ ਪਈਆਂ। ਟੁੰਡੇ ਅਸਰਾਜੇ ਦੀ ਧੁਨੀ ਉੱਤੇ ਗਾਈ ਜਾਣ ਵਾਲੀ ਆਸਾ ਦੀ ਵਾਰ ਗਾਉਣ ਅਤੇ ਸੁਣਨ ਵਾਲਿਆਂ ( ਦੋਹਾਂ ) ਨੂੰ ਪ੍ਰੇਰਨਾ ਦਿੰਦੀ ਹੈ ਅਤੇ ਉਨ੍ਹਾਂ ਦੇ ਮਨਾਂ ਵਿਚ ਆਤਮਕ ਸ਼ਾਂਤੀ ਅਤੇ ਉੱਚਤਾ ਲਿਆਉਣ ਲਈ ਸੰਸਾਰਕ ਅਤੇ ਸਦਾਚਾਰਕ ਰਣ - ਖੇਤਰ ਵਿਚ ਕੁੱਦਣ ਲਈ ਦ੍ਰਿੜਤਾ ਕਰਦੀ ਹੈ।

**1.3 ਬਣਤਰ**

ਆਸਾ ਦੀ ਵਾਰ ਮੂਲ ਰੂਪ ਵਿਚ ਪਉੜੀਆਂ ਵਿਚ ਲਿਖੀ ਗਈ ਹੈ। ਇਸ ਦੀਆਂ 24 ਪਉੜੀਆਂ ਹਨ। ਗੁਰੂ ਅਰਜਨ ਦੇਵ ਜੀ ਵੱਲੋਂ ਇਸ ਵਾਰ ਨਾਲ ਦਿੱਤੇ ਗਏ ਸਿਰਲੇਖ ' ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ' ਤੋਂ ਸਪੱਸ਼ਟ ਹੈ ਕਿ ' ਆਦਿ ਗ੍ਰੰਥ ' ਦੀ ਸੰਪਾਦਨਾ ਸਮੇਂ ਪੰਜਵੇਂ ਗੁਰੂ ਜੀ ਨੇ ਪਉੜੀਆਂ ਦੇ ਨਾਲ - ਨਾਲ ਸਲੋਕ ਵੀ ਸ਼ਾਮਲ ਕਰ ਦਿੱਤੇ। ਇਸ ਤਰ੍ਹਾਂ ਉਨ੍ਹਾਂ ਨੇ ਇਸ ਦੇ ਪ੍ਰਚੱਲਿਤ ਪੁਰਾਤਨ ਰੂਪ ਅਤੇ ਆਕਾਰ - ਕਾਰ ਨੂੰ ਬਦਲ ਕੇ ਇਸ ਦੀਆਂ ਸੀਮਾਵਾਂ ਨੂੰ ਵਿਸਤ੍ਰਿਤ ਕਰ ਦਿੱਤਾ। ਇਸ ਵਾਰ ਦੀਆਂ 24 ਪਉੜੀਆਂ ਦੇ ਨਾਲ - ਨਾਲ ਗੁਰੂ ਨਾਨਕ ਅਤੇ ਗੁਰੂ ਅੰਗਦ ਰਚਿਤ ਸਲੋਕ ਦਰਜ ਹਨ। 44 ਸਲੋਕ ਗੁਰੂ ਨਾਨਕ ਰਚਿਤ ਹਨ ਅਤੇ ਬਾਕੀ 15 ਸਲੋਕ ਗੁਰੂ ਅੰਗਦ ਦੇਵ ਜੀ ਦੇ ਹਨ। ਇਸ ਤਰ੍ਹਾਂ 24 ਪਉੜੀਆਂ ਨਾਲ ਕੁੱਲ 59 ਸਲੋਕ ਹਨ। ਹਰੇਕ ਪਉੜੀ ਨਾਲ ਘੱਟ ਤੋਂ ਘੱਟ ਦੋ ਸਲੋਕ ਅਤੇ ਵੱਧ ਤੋਂ ਵੱਧ ਪੰਜ ਸਲੋਕ ਹਨ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ : ਪਉੜੀ ਨੰਬਰ 1 , 2 , 11 , 12 , 15 , 18 ਅਤੇ 22 ਨੂੰ ਛੱਡ ਕੇ ਬਾਕੀ 17 ਪਉੜੀਆਂ ਨਾਲ ਦੋ - ਦੋ ਸਲੋਕ ਹਨ। ਪਉੜੀ ਨੰਬਰ 1 , 2 , 11 ਅਤੇ 18 ਨਾਲ ਤਿੰਨ - ਤਿੰਨ ਸਲੋਕ ਹਨ। ਪਉੜੀ ਨੰਬਰ 12 ਅਤੇ 14 ਨਾਲ ਚਾਰ - ਚਾਰ ਸਲੋਕ ਹਨ। ਪਉੜੀ ਨੰਬਰ 22 ਨਾਲ ਪੰਜ ਸਲੋਕ ਹਨ। ਕਾਵਿ - ਪੱਖ ਤੋਂ ਲਗਭਗ ਸਾਰੀਆਂ ਪਉੜੀਆਂ ਦੀ ਬਨਾਵਟ ਇਕੋ ਹੈ ਜਦ ਕਿ ਸਲੋਕਾਂ ਦੀਆਂ ਪੰਕਤੀਆਂ ਅਤੇ ਚਰਣਾਂ ਵਿਚ ਸਮਾਨਤਾ ਨਹੀਂ। ਕਿਸੇ ਸਲੋਕ ਦੀਆਂ ਕੇਵਲ ਦੋ ਪੰਕਤੀਆਂ ਹਨ ਜਦ ਕਿ ਕਿਸੇ ਦੀਆਂ 4 ਤੋਂ ਲੈ ਕੇ 19 ਤੱਕ ਵੀ ਪੰਕਤੀਆਂ ਹਨ। " ਇਸ ਤੋਂ ਪਤਾ ਚੱਲਦਾ ਹੈ ਕਿ ਗੁਰੂ ਸਾਹਿਬ ਨੇ ਆਪਣਾ ਮਤ ਪ੍ਰਗਟ ਕਰਨਾ ਸ਼ੁਰੂ ਕੀਤਾ ਅਤੇ ਜਿੰਨੀ ਦੇਰ ਤੱਕ ਉਹ ਪ੍ਰਸੰਗ ਸਮਾਪਤ ਨਹੀਂ ਹੁੰਦਾ ਤਦ ਤੱਕ ਸਲੋਕ ਦੀ ਰਚਨਾ ਪ੍ਰਕਿਰਿਆ ਜਾਰੀ ਰਹਿੰਦੀ। "

**1.4 ਭਾਵ - ਅਰਥ**

ਭਾਵ - ਅਰਥ ਦੇ ਪੱਖ ਤੋਂ ਆਸਾ ਦੀ ਵਾਰ ਦੀਆਂ ਪਉੜੀਆਂ ਅਤੇ ਉਨ੍ਹਾਂ ਨਾਲ ਦਰਜ ਸਲੋਕਾਂ ਵਿਚ ਕਾਫ਼ੀ ਅਸਮਾਨਤਾ ਹੈ। ਜੇਕਰ ਇਕੱਲੀਆਂ ਪਉੜੀਆਂ ਨੂੰ ਵਾਚੀਏ ਤਾਂ ਪਉੜੀਆਂ ਜਿਆਦਾਤਰ ਅਧਿਆਤਮਕ ਵਿਚਾਰਧਾਰਾ ਨਾਲ ਸੰਬੰਧਤ ਹਨ ਜਦ ਕਿ ਸਲੋਕਾਂ ਵਿਚ ਇਸਤਰੀ ਜਾਤੀ ਸੰਬੰਧੀ , ਮਨੁੱਖੀ ਹਉਮੈਂ ਸੰਬੰਧੀ , ਦੁਨੀਆਂਦਾਰੀ ਦੇ ਕੂੜ - ਪਸਾਰ ਸੰਬੰਧੀ ਆਦਿ ਸਮਾਜਿਕ ਸਰੋਕਾਰਾਂ ਦੇ ਨਾਲ - ਨਾਲ ਹਿੰਦੂਆਂ ਅਤੇ ਮੁਸਲਮਾਨਾਂ ਦੇ ਧਾਰਮਿਕ-ਸਮਾਜਿਕ

ਸਰੋਕਾਰਾਂ ਸੰਬੰਧੀ ਬਹੁਪੱਖੀ ਵਿਚਾਰਧਾਰਾ ਪਰੋਈ ਹੋਈ ਹੈ। ਪਰੰਤੂ ਜੇਕਰ ਸਮੁੱਚੇ ਰੂਪ ਵਿਚ ਪਉੜੀਆਂ ਅਤੇ ਸਲੋਕਾਂ ਸਮੇਤ) ਆਸਾ ਦੀ ਵਾਰ ਦਾ ਮੁੱਖ ਭਾਵ ਵੇਖਿਆ ਜਾਵੇ ਤਾਂ ਉਸ ਵਿਚ ਇਕਸਾਰਤਾ ਹੈ।

**1.5 ਦਾਰਸ਼ਨਿਕ ਪੱਖ**

' ਆਸਾ ਕੀ ਵਾਰ ' ਦੇ ਦਾਰਸ਼ਨਿਕਤਾ ਦੇ ਅਧਿਐਨ ਰਾਹੀਂ ਸਾਡੇ ਸਾਹਮਣੇ ਇਹ ਗੱਲ ਆਉਂਦੀ ਹੈ ਕਿ ਮਨੁੱਖ ਦੇ ਆਪਣੇ ਵਤੀਰੇ ਦੀ ਸੋਝੀ ਹੀ ਮਨੁੱਖ ਨੂੰ ਠੀਕ ਵਤੀਰੇ ਦੀ ਸਮਝ ਦਿੰਦੀ ਹੈ । ਗੁਰੂ ਸਾਹਿਬ ਦੇ ਉਪਦੇਸ਼ ਵਿੱਚ ਪੰਜ ਗੱਲਾਂ ਮਹੱਤਵਪੂਰਨ ਹਨ : ਰੱਬ , ਮਨੁੱਖ , ਸ੍ਰਿਸ਼ਟੀ , ਹੁਕਮ ਅਤੇ ਸਤਿਗੁਰੂ । ਮਨੁੱਖ ਅਤੇ ਸ੍ਰਿਸ਼ਟੀ ਦੀ ਸਿਰਜਣਾ ਕਰਨ ਵਾਲਾ ਉਹ ਅਕਾਲਪੁਰਖ ਹੈ । ਸ੍ਰਿਸ਼ਟੀ ਰਾਹੀਂ ਹੀ ਰੱਬ ਦੀ ਸਮਝ ਪੈਂਦੀ ਹੈ । ਗੁਰੂ ਨਾਨਕ ਸਾਹਿਬ ਇੱਥੇ ਇਹ ਵੀ ਸਮਝਾਉਂਦੇ ਹਨ ਕਿ ਉਸ ਅਕਾਲਪੁਰਖ ਦੇ ਬਣਾਏ ਇਸ ਜਗਤ ਵਿੱਚ ਰਹਿ ਕੇ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਇਹ ਜਗਤ ਹੀ ਉਸ ਸੱਚੇ ਪਰਮਾਤਮਾ ਦਾ ਘਰ ਹੈ , ਇਸ ਤੋਂ ਉਪਰਾਮਤਾ ਪਾ ਕੇ ਮਨੁੱਖ ਸੰਸਾਰ ਸਾਗਰ ਤੋਂ ਪਾਰ ਨਹੀਂ ਉਤਰ ਸਕਦਾ । ਇਸ ਲਈ ਇਸ ਬਾਈ ਰਾਹੀਂ ਗੁਰੂ ਜੀ ਮਨੁੱਖ ਨੂੰ ਉਪਦੇਸ਼ ਦਿੰਦੇ ਹਨ ਕਿ ਮਨੁੱਖ ਨੂੰ ਆਪਣੀ ਸੁਤੰਤਰ ਸ਼ਕਤੀ ਅਤੇ ਸਮਰੱਥਾ ਦੇ ਭਰਮ ਨੂੰ ਆਪਣੇ ਮਨ ਵਿੱਚੋਂ ਕੱਢ ਕੇ ਉਸ ਪਰਮਾਤਮਾ ਦੀ ਸ਼ਕਤੀ ਨੂੰ ਆਪਣਾ ਸਮਝ ਕੇ ਆਪਣੇ ਜੀਵਨ ਵਿਚ ਗ੍ਰਹਿਣ ਕਰਨਾ ਚਾਹੀਦਾ ਹੈ ਅਤੇ ਉਸ ਪਰਮਾਤਮਾ ਦੇ ਹੁਕਮ ਨੂੰ ਮੰਨਦੇ ਹੋਏ ਹਮੇਸ਼ਾ ਉਸਨੂੰ ਆਪਣੇ ਅੰਗ - ਸੰਗ ਸਮਝ ਕੇ ਯਾਦ ਰੱਖਣਾ ਚਾਹੀਦਾ ਹੈ ।

**1.6 ਸਮਾਜਿਕ ਪੱਖ**

ਆਸਾ ਦੀ ਵਾਰ ਵਿਚ ਹੋਰ ਪੱਖਾਂ ਬਾਰੇ ਵਿਚਾਰ ਕਰਨ ਦੇ ਨਾਲ ਗੁਰੂ ਸਾਹਿਬ ਨੇ ਪੁਰਾਤਨ ਰਸਮ - ਰਿਵਾਜਾਂ ਅਤੇ ਵਿਸ਼ਵਾਸ਼ਾਂ ਨੂੰ ਭੁੱਲ ਕੇ ਨਵੇਂ ਸਮਾਜ ਨੂੰ ਸਿਰਜਣ ਦੀ ਕੋਸ਼ਿਸ਼ ਕੀਤੀ ਹੈ । ਜਿਵੇਂ ਕਿ ਪਹਿਲਾਂ ਦੱਸਿਆ ਹੈ ਕਿ ਉਸ ਸਮੇਂ ਸਮਾਜ ਵਿੱਚ ਬ੍ਰਾਹਮਣਵਾਦ ਦਾ ਬੋਲਬਾਲਾ ਸੀ , ਬ੍ਰਾਹਮਣ ਆਪਣੇ ਆਪ ਨੂੰ ਉੱਚੀ ਜਾਤੀ ਦਾ ਹੋਣ ਕਰਕੇ , ਉਸ ਸਮੇਂ ਦੀ ਉੱਚ ਭਾਸ਼ਾ ਸੰਸਕ੍ਰਿਤ ਦੇ ਵੀ ਇਕ ਮਾਤਰ ਅਧਿਕਾਰੀ ਸਮਝਦੇ ਸਨ । ਪਰ ਗੁਰੂ ਸਾਹਿਬ ਨੇ ਇਹ ਸਭ ਦੀ ਆਲੋਚਨਾ ਕੀਤੀ । ਗੁਰੂ ਜੀ ਅਨੁਸਾਰ ਇਸ ਸਮਾਜ ਵਿਚ ਕੋਈ ਜਾਤੀ , ਇਲਾਕਾਈ ਅਤੇ ਭਾਸ਼ਾਈ ਬੰਧਨ ਜਾਂ ਉਚ - ਨੀਚ ਨਹੀਂ ਹੈ ਅਤੇ ਸਮਾਜ ਦੀ ਬੁਨਿਆਦ ਸੱਚ ਅਤੇ ਨੇਕ ਆਚਰਣ ਹੈ । ਇਸ ਤਰ੍ਹਾਂ ਆਪਣੇ ਇਨ੍ਹਾਂ ਉਪਦੇਸ਼ਾਂ ਨੂੰ ਆਧਾਰ ਬਣਾ ਕੇ ਗੁਰੂ ਨਾਨਕ ਸਾਹਿਬ ਨੇ ਪੂਰੀ ਸੁਹਿਰਦਤਾ ਨਾਲ ਸਮਾਜ ਲਈ ਇਕ ਚਾਨਣ ਮੁਨਾਰੇ ਦਾ ਕੰਮ ਕੀਤਾ ਅਤੇ ਸਮਾਜ ਵਿਚ ਇਕ ਨਵਾਂ ਉਤਸ਼ਾਹ ਅਤੇ ਉਮੰਗ ਪੈਦਾ ਕੀਤੀ।

**1.7 ਇਸਤਰੀਆਂ ਦੀ ਸਥਿਤੀ**

ਆਸਾ ਦੀ ਵਾਰ ਵਿਚ ਗੁਰੂ ਜੀ ਨੇ ਇਸ ਬਾਣੀ ਦੀ ਵਿਚਾਰਧਾਰਾ ਅਤੇ ਵਿਆਖਿਆ ਦਾ ਇਕ ਸਿਰਾ ਸਮਾਜ ਵਿਚਲੀ ਇਸਤਰੀ ਦੀ ਸਥਿਤੀ ਨਾਲ ਵੀ ਜੋੜਿਆ। ਉਸ ਸਮੇਂ ਦੇ ਸਮਾਜ ਵਿਚ ਇਸਤਰੀ ਦੀ ਸਥਿਤੀ ਬਹੁਤ

ਤਰਸਯੋਗ ਸੀ। ਗੁਰੂ ਜੀ ਨੇ ਇਸ ਦਸ਼ਾ ਵਿਚ ਸੁਧਾਰ ਲਿਆਉਣ ਤੇ ਵੀ ਪੂਰਨ ਤੌਰ 'ਤੇ ਬਲ ਦਿੱਤਾ ਅਤੇ ਇਸਤਰੀ ਨੂੰ ਬਰਾਬਰ ਦਾ ਭਾਈਵਾਲ ਬਣਾਇਆ। ਗੁਰੂ ਜੀ ਅਨੁਸਾਰ ਸਮਾਜ ਵਿਚ ਰਹਿੰਦਿਆਂ ਇਸਤਰੀਆਂ ਲਈ ਪੂਰਨ ਆਜ਼ਾਦੀ, ਬਰਾਬਰਤਾ ਅਤੇ ਨਿਡਰ ਸੋਚ ਜ਼ਰੂਰੀ ਹੈ ਕਿਉਂਕਿ ਰਾਜਿਆਂ ਅਤੇ ਵੱਡੇ-ਵੱਡੇ ਗੁਰੂਆਂ ਪੀਰਾਂ-ਫਕੀਰਾਂ ਨੂੰ ਜਨਮ ਦੇਣ ਵਾਲੀ ਨਿੰਦਣ ਯੋਗ ਨਹੀਂ, ਪੂਜਣ ਯੋਗ ਹੈ। ਇਸ ਲਈ ਗੁਰੂ ਜੀ ਨੇ ਆਪਣੀ ਇਸ ਵਾਰ ਰਾਹੀਂ ਇਸਤਰੀ ਨੂੰ ਸਮਾਜ ਵਿਚ ਬਰਾਬਰਤਾ ਦਾ ਅਧਿਕਾਰ ਦਿਵਾਇਆ।

### 1.8 ਬੋਲੀ

ਆਸਾ ਦੀ ਵਾਰ ਦੀ ਬੋਲੀ ਪੰਜਾਬੀ ਹੈ। ਇਸ ਵਿਚ ਪੰਜਾਬੀ ਬੋਲੀ ਦੇ ਦੋਵੇਂ ਰੂਪ ਉਸ ਸਮੇਂ ਦੀ ਪੰਜਾਬੀ ਅਤੇ ਸਹਸਕ੍ਰਿਤੀ ਵਰਤੇ ਗਏ ਹਨ। ਅਜਿਹਾ ਸਮੇਂ ਦੀ ਲੋੜ ਮੁਤਾਬਕ ਜ਼ਰੂਰੀ ਵੀ ਸੀ ਕਿਉਂਕਿ ਉਸ ਸਮੇਂ ਜਨ- ਸਧਾਰਨ ਵਿਚ ਇਹ ਭਾਸ਼ਾ ਬੋਲੀ ਅਤੇ ਸਮਝੀ ਜਾਂਦੀ ਸੀ। ਕੁੱਲ ਮਿਲਾ ਕੇ ਆਸਾ ਦੀ ਵਾਰ ਵਿਚ ਸਹਸਕ੍ਰਿਤੀ ਜਾਂ ਸਾਧੂਕੜੀ ਭਾਸ਼ਾ ਦਾ ਗਹਿਰਾ ਰੰਗਣ ਹੈ। ਅਰਬੀ-ਫ਼ਾਰਸੀ ਦੀ ਵਰਤੋਂ ਘੱਟ ਹੋਈ ਹੈ। ਆਸਾ ਦੀ ਵਾਰ ਦਾ ਰਚਨ ਕਾਲ 1507 ਈ. ਤੱਕ ਦੇ ਵਿਚਕਾਰ ਮੰਨਿਆ ਜਾਂਦਾ ਹੈ। ਆਸਾ ਦੀ ਵਾਰ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ ੪੬੨ ਤੋਂ ਪੰਨਾ ੪੭੫ ਤੱਕ ਦਰਜ ਹੈ।

### 1.9 ਸਾਰ

ਸਮੁੱਚੇ ਤੌਰ ਤੇ ਆਸਾ ਕੀ ਵਾਰ ਵਿਚ ਇਕ ਰਹੱਸਵਾਦੀ ਵਿਸ਼ੇ ਨੂੰ ਸਮਾਜਿਕ ਵਾਸਤਵਿਕਤਾ ਦੀ ਰੌਸ਼ਨੀ ਵਿਚ ਪਰਖਿਆ ਗਿਆ ਹੈ। ਆਸਾ ਦੀ ਵਾਰ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਇਹ ਇਕ ਦਾਰਸ਼ਨਿਕ ਅਤੇ ਅਧਿਆਤਮਕ ਰਚਨਾ ਹੈ, ਜਿਸ ਵਿਚ ਗੁਰੂ ਦੇਵ ਨੇ ਤੱਤ ਵਿਗਿਆਨ ਅਧਿਆਤਮਿਕ ਵਿਗਿਆਨ ਅਤੇ ਗੰਭੀਰ ਵਿਚਾਰ ਗਾਗਰ ਵਿਚ ਸਾਗਰ ਦੇ ਸਮਾਨ ਭਰ ਦਿੱਤੇ ਹਨ।

# ਅਨੰਦੁ ਸਾਹਿਬ


**1.0 ਜਾਣ ਪਛਾਣ**

**1.1 ਅਧਿਆਤਮਿਕ ਪੱਖ**

**1.2 ਦਾਰਸ਼ਨਿਕ ਪੱਖ**

**1.2.1 ਬ੍ਰਹਮ**

**1.2.2 ਸ੍ਰਿਸ਼ਟੀ ਜਗਤ**

**1.2.3 ਆਤਮਾ**

**1.2.4 ਮਾਇਆ**

**1.2.5 ਮੁਕਤੀ**

**1.3 ਸਾਧਨਾ ਪੱਖ**

**1.3.1 ਗਿਆਨ ਮਾਰਗ**

**1.3.2 ਕਰਮ ਮਾਰਗ**

**1.3.3 ਭਗਤੀ ਮਾਰਗ**

**1.3.4 ਸਹਿਜ ਮਾਰਗ**

**1.4 ਰਹੱਸਮਈ ਪੱਖ**

**1.4.1 ਸ਼ਬਦ**

**1.4.2 ਨਾਮ**

**1.4.3 ਲਿਵ**

**1.5 ਸਾਰ**


## 1.0 ਜਾਣ ਪਛਾਣ

ਅਨੰਦੁ ਸਾਹਿਬ ਬਾਣੀ ਸਿੱਖਾਂ ਦੇ ਤੀਸਰੇ ਗੁਰੂ ਅਮਰਦਾਸ ਜੀ ਦੀ ਮਹਾਨ ਬਾਣੀ ਹੈ। ਅਨੰਦੁ ਕੀ ਹੈ ? ਅਸੀਂ ਇਸਦਾ ਅਰਥ ਇਕ ਆਮ ਖੁਸ਼ੀ ਤੋਂ ਲੈਂਦੇ ਹਾਂ । ਕਿਸੇ ਵੀ ਕੰਮ ਤੋਂ ਬਾਅਦ ਉਸਦੇ ਨਤੀਜੇ ਤੋਂ ਪ੍ਰਾਪਤ ਹੋਈ ਖੁਸ਼ੀ ਨੂੰ ਅਸੀਂ ਅਨੰਦੁ ਕਹਿ ਦਿੰਦੇ ਹਾਂ । ਪਰ ਆਮ ਅਨੰਦ ਅਤੇ ਗੁਰੂ ਅਮਰਦਾਸ ਜੀ ਦੀ 40 ਪਉੜੀਆਂ ਵਿੱਚ ਰਚੀ ਰਚਨਾ ਅਨੰਦੁ ਸਾਹਿਬ ਵਿੱਚ ਬਹੁਤ ਅੰਤਰ ਹੈ । ਇਹ 40 ਪਉੜੀਆਂ ਦੀ ਛੋਟੀ ਜਿਹੀ ਪਰ ਮਹਾਨ ਰਚਨਾ ਹੈ, ਜਿਸ ਵਿੱਚ ਇਕ ਮੁਖ ਵਿਸ਼ੇ ਅਧੀਨ ਕਈ ਵਿਸ਼ੇ ਸਮਾਏ ਹੋਏ ਹਨ । ਗੁਰੂ ਸਾਹਿਬ ਆਪਣੀ ਰਚਨਾ ਵਿੱਚ ਅਨੰਦ ਤੋਂ ਅਰਥ ਸੰਸਾਰਕ ਖੁਸ਼ੀ ਨਾ ਲੈ ਕੇ ਆਤਮਕ ਅਨੰਦੁ ਦਾ ਵਰਣਨ ਕਰਦੇ ਹਨ । ਆਪ ਅਨੁਸਾਰ ਆਤਮਕ ਅਨੰਦ ਦੇ ਪੈਦਾ ਹੋਣ

ਦੇ ਨਾਲ ਹੀ ਮਨ ਦੀ ਭਟਕਣਾ ਦੂਰ ਹੁੰਦੀ ਹੈ ਅਤੇ ਸਾਰੇ ਵਹਿਮਾਂ ਭਰਮਾਂ , ਹੰਕਾਰਾਂ ਅਤੇ ਰੋਗਾਂ ਦਾ ਨਾਸ਼ ਹੁੰਦਾ ਹੈ। ਇਸ ਬਾਣੀ ਦੇ ਪੜ੍ਹਨ ਸੁਣਨ ਨਾਲ ਮਨੁੱਖ ਆਤਮਕ ਤੌਰ ਤੇ ਉੱਚਾ ਉਠ ਜਾਂਦਾ ਹੈ। ਅਨੰਦੁ ਸਾਹਿਬ ਦੀ ਸਮੁੱਚੀ ਰਚਨਾ ਅਧਿਆਤਮਿਕਤਾ ਭਰਪੂਰ ਹੈ। ਭਾਵੇਂ ਬੰਧਿਤ ਰੂਪ ਵਿੱਚ ਕਈ ਹੋਰ ਵਿਸ਼ੇ ਵੀ ਸਮਾਏ ਹੋਏ ਹਨ।

**1.1 ਅਧਿਆਤਮਿਕ ਪੱਖ** :

ਗੁਰਮਤਿ ਵਿਚਾਰਧਾਰਾ ਵਿੱਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਉਪਦੇਸ਼ ਦੀ ਇਕ ਪਰੰਪਰਾ ਚਲੀ ਆਈ ਹੈ , ਜਿਸ ਵਿੱਚ ਜੀਵ ਆਤਮਾ ਅਤੇ ਪਰਮਾਤਮਾ ਦੇ ਮੇਲ ਦੀ ਵਿਧੀ ਬਾਣੀ ਦਸੀ ਹੈ। ਗੁਰੂ ਅਰਦਾਸ ਜੀ ਨੇ ਵੀ ਪਰੰਪਰਾ ਅਨੁਸਾਰ ਆਪਣੀ ਰਚਨਾ ਵਿੱਚ ਇਸ ਵਿਧੀ ਨੂੰ ਅਪਣਾਇਆ ਹੈ। ਉਨ੍ਹਾਂ ਨੇ ਆਸ਼ਾਵਾਦੀ ਸਿਧਾਂਤ ਨਾਲ ਪਰਮਾਤਮਾ ਦੇ ਮੇਲ ਅਤੇ ਉਸ ਤੋਂ ਪ੍ਰਾਪਤ ਸਦੀਵੀਂ ਅਤੇ ਵਿਸ਼ੇਸ਼ ਅਨੰਦੁ ਬਾਰੇ ਇਸ ਰਚਨਾ ਵਿੱਚ ਵਿਸਥਾਰ ਨਾਲ ਦੱਸਿਆ ਹੈ। ਇਸ ਬਾਰੇ ਡਾ: ਰਤਨ ਸਿੰਘ ਜੱਗੀ ਵੀ ਲਿਖਦੇ ਹਨ, ਅਨੰਦੁ ਸਾਹਿਬ ਵਿੱਚ ਵਿਯੋਦ ਦੀ ਸਥਿਤੀ ਦਾ ਕਿਤੇ ਵੀ ਚਿਤ੍ਰਣ ਨਹੀਂ ਹੋਇਆ। ਆਦਿ ਤੋਂ ਅੰਤ ਤਕ ਮਿਲਨ ਸੁਖ ਦੀ ਪ੍ਰਾਪਤੀ ਜਾਂ ਉਸਦੇ ਸਰੂਪ ਦਾ ਹੀ ਉਲੇਖ ਹੈ। ਦੁਖ ਜਾਂ ਵਿਸਮਾਦ ਤੋਂ ਇਹ ਰਚਨਾ ਮੁਕਤ ਹੈ। ਪਰਮਾਤਮਾ ਦਾ ਭੇਦ ਜਾਣਨਾ ਜਾਂ ਉਸ ਨਾਲ ਇਕ ਮਿੱਕ ਹੋਣਾ ਹੀ ਅਧਿਆਤਮਵਾਦ ਹੈ। ਅਧਿਆਤਿਮਵਾਦ ਦੇ ਹੀ ਅਗੋਂ ਵੱਖ ਵੱਖ ਪੱਖ ਬਣਦੇ ਹਨ। ਜਿਨ੍ਹਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ:-

**1.1 ਦਾਰਸ਼ਨਿਕ ਪੱਖ**

ਦਰਸ਼ਨ ਦਾ ਅਰਥ ਫਿਲਾਸਫੀ ਹੈ। ਜਿਸ ਬਾਰੇ ਕਿਹਾ ਜਾਂਦਾ ਹੈ ਕਿ, ਫਿਲਾਸਫੀ ਮੁਖ ਤੌਰ ਤੇ ਪਰਾਭੋਤਿਕ ਵਿਸ਼ਿਆਂ ਦੇ ਸੰਪੂਰਨ ਤਰਕਸ਼ੀਲ ਤੇ ਸਿਲਸਲੇਵਾਰ ਅਧਿਐਨ ਨੂੰ ਕਹਿੰਦੇ ਹਨ। ਅਨੰਦੁ ਸਾਹਿਬ ਦਾ ਦਾਰਸ਼ਨਿਕ ਪੱਖ ਤੋਂ ਅਧਿਐਨ ਕਰਦੇ ਸਮੇਂ ਅਸੀਂ ਹੇਠ ਲਿਖੇ ਤੱਤਾਂ ਦੇ ਆਧਾਰ ਤੇ ਪਰਖ ਸਕਦੇ ਹਾਂ

**1.2.1 ਬ੍ਰਹਮ** ਪਰਮਾਤਮਾ ਨੂੰ ਵੱਖ ਵੱਖ ਨਾਵਾਂ ਨਾਲ ਸਿਮਰਨ ਦਾ ਰਿਵਾਜ ਪ੍ਰਾਚੀਨ ਕਾਲ ਤੋਂ ਚਲਿਆ ਆ ਰਿਹਾ ਹੈ। ਕੋਈ ਇਸਨੂੰ ਪਰਮਾਤਮਾ, ਕੋਈ ਬ੍ਰਹਮ, ਕੋਈ ਪਰਵਰਦਗਾਰ ਅਤੇ ਹੋਰ ਕਈ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਕੀਤਾ। ਉਹ ਪ੍ਰਭੂ, ਪਰਮਾਤਮਾ, ਬ੍ਰਹਮ ਇਕ ਹੈ। ਉਹ ਸਦਾ ਹੈ ਅਤੇ ਸਦਾ ਹੀ ਰਹੇਗਾ। ਉਸਦੀ ਕ੍ਰਿਪਾ ਨਾਲ ਹੀ ਬੁਨਿਆਦੀ ਕੰਮਾਂ ਵਿਚ ਸਫਲਤਾ ਪ੍ਰਾਪਤ ਹੁੰਦੀ ਹੈ। ਗੁਰੂ ਅਮਰਦਾਸ ਜੀ ਉਨ੍ਹਾਂ ਲੋਕਾਂ ਨੂੰ ਬਹੁਤ ਹੀ ਵੱਡੇ ਭਾਗਾਂ ਵਾਲੇ ਕਹਿੰਦੇ ਹਨ ਜੋ ਉਸ ਪਾਰਬ੍ਰਹਮ ਨੂੰ ਪਾ ਲੈਂਦੇ ਹਨ ਅਤੇ ਅਨੰਦੁ ਪ੍ਰਾਪਤ ਕਰਦੇ ਹਨ। ਅਜਿਹੇ ਲੋਕਾਂ ਦੇ ਸਾਰੇ ਦੁੱਖ ਰੋਗ ਖਤਮ ਹੋ ਜਾਂਦੇ ਹਨ।

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ
ਪਾਰਬ੍ਰਹਮੁ ਪ੍ਰਭ ਪਾਇਆ ਉਤਰੇ ਸਗਲ ਵਿਸੂਰੇ
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰ ਰਹਿਆ ਭਰਪੂਰੇ

ਬਿਨਵੰਤਿ ਨਾਨਕੁ ਗੁਰਚਰਨ ਲਾਗੇ ਵੈਜੇ ਅਨਹਦ ਤੂਰੇ।

**1.2.2 ਸ੍ਰਿਸ਼ਟੀ ਜਗਤ**

ਸਾਰੀ ਸ੍ਰਿਸ਼ਟੀ ਦੀ ਰਚਨਾ ਉਸ ਪਰਮਾਤਮਾ ਨੇ ਕੀਤੀ ਹੈ ਅਤੇ ਜੋ ਉਹ ਚਾਹੁੰਦਾ ਹੈ ਉਹੀ ਕੁਝ ਹੁੰਦਾ ਹੈ, ਮਨੁੱਖ ਨੂੰ ਇਸ ਬਾਰੇ ਵੀ ਪਤਾ ਨਹੀਂ ਲੱਗਦਾ। ਜਗਤ ਦੀਆਂ ਵਾਸ਼ਨਾਵਾਂ ਅਤੇ ਲਾਲਚਾਂ ਨੂੰ ਭਗਤੀ ਦੇ ਰਾਹ ਦਾ ਰੋੜਾ ਮੰਨਿਆ ਜਾਂਦਾ ਹੈ। ਗੁਰੂ ਅਮਰਦਾਸ ਜੀ ਆਪਣੇ ਸਰੀਰ, ਅੱਖਾਂ ਕੰਨਾਂ ਤੋਂ ਸਵਾਲ ਕਰਦੇ ਹਨ ਕਿ ਉਨ੍ਹਾਂ ਨੇ ਇਸ ਜਗਤ ਵਿੱਚ ਆ ਕੇ ਕੀ ਕੰਮ ਕੀਤੇ ਹਨ। ਦੁਨੀਆਂ ਦੇ ਰਚਣਹਾਰ ਨੂੰ ਯਾਦ ਕੀਤਾ ਹੈ ਜਾਂ ਨਹੀਂ।

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ
ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ

ਕਿਉਂਕਿ ਇਹ ਸਾਰਾ ਜਗਤ ਜੋ ਦਿਖਾਈ ਦਿੰਦਾ ਹੈ ਇਹ ਪਰਮਾਤਮਾ ਦਾ ਰੂਪ ਹੈ ਅਤੇ ਇਹ ਉਸ ਹਰੀ ਦਾ ਰੂਪ ਹੀ ਨਜ਼ਰ ਆਉਂਦਾ ਹੈ

ਏਹੁ ਵਿਸੁ ਸੰਸਾਰ ਤੁਮ ਦੇਖਦੇ ਇਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ

ਇਸ ਲਈ ਇਸ ਜਗਤ ਵਿਚ ਰਹਿੰਦੇ ਹੋਏ ਸ੍ਰਿਸ਼ਟੀ ਦੇ ਰਚਨਹਾਰ ਨੂੰ ਯਾਦ ਰੱਖਣਾ ਚਾਹੀਦਾ ਹੈ।

1.2.3 **ਆਤਮਾ** :

ਆਤਮਾ ਜਿਸਨੂੰ ਅੱਜ ਅੰਗ੍ਰੇਜੀ ਵਿੱਚ Soul , ਕਿਹਾ ਜਾਂਦਾ ਹੈ । ਦਾਰਸ਼ਨਿਕ ਬੋਲੀ ਵਿੱਚ ਇਸਨੂੰ Animism ਕਹਿੰਦੇ ਹਨ । ਆਤਮਾ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜੋ , ਅਤ ਧਾਤੂ ਤੇ ਮਣ ਪ੍ਰਤਿਐ ਤੋਂ ਬਣਿਆ ਹੈ । ਆਮ ਤੌਰ ਤੇ ਪਰਮਾਤਮਾ ਦੀ ਪ੍ਰਾਪਤੀ ਆਤਮਾ ਤੇ ਪਰਮਾਤਮਾ ਇਕ ਹੋਣ ਨਾਲ ਹੀ ਮੰਨੀ ਜਾਂਦੀ ਹੈ । ਪਰਮਾਤਮਾ ਮਨੁੱਖ ਨੂੰ ਇਸ ਦੁਨੀਆਂ ਵਿੱਚ ਤਾਂ ਭੇਜਦਾ ਹੈ ਜੋ ਉਹ ਮਨੁੱਖ ਅੰਦਰ ਆਤਮਾ ਰੂਪੀ ਜੋੜ ਰੱਖਦਾ ਹੈ । ਗੁਰੂ ਅਮਰਦਾਸ ਜੀ ਲਿਖਦੇ ਹਨ :

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇ ।

1.2.4 **ਮਾਇਆ**

ਮਾਇਆ ਉਹ ਚੀਜ਼ ਹੈ ਜਿਸ ਦੀ ਪ੍ਰਾਪਤੀ ਨਾਲ ਮੋਹ ਪੈਦਾ ਹੁੰਦਾ ਹੈ , ਵਧਦਾ ਹੈ ਅਤੇ ਫਿਰ ਮਨੁੱਖ ਪਰਮਾਤਮਾ ਨੂੰ ਭੁਲ ਜਾਂਦਾ ਹੈ । ਪ੍ਰਾਚੀਨ ਕਾਲ ਤੋਂ ਹੀ ਪਰਮਾਤਮਾ ਦੀ ਪ੍ਰਾਪਤੀ ਲਈ ਮਾਇਆ ਨੂੰ ਰੁਕਾਵਟ ਮੰਨਿਆ ਜਾਂਦੀ ਸੀ । ਡਾ : ਸੁਰਿੰਦਰ ਸਿੰਘ ਕੋਹਲੀ ਇਕ ਥਾਂ ਤੇ ਲਿਖਦੇ ਹਨ , " ਮਾਇਆ ਸ਼ਬਦ ਇਨ੍ਹਾਂ ਪ੍ਰਾਚੀਨ ਹੈ ਜਿੰਨਾ ਕਿ ਰਿਗਵੇਦ ਪਰੰਤੂ ਮਾਇਆਵਾਦ ਦੀ ਸਥਾਪਨਾ ਨੌਵੀਂ ਸਦੀ ਵਿੱਚ ਸ਼ੰਕਰ ਨਾਲ ਹੁੰਦੀ ਹੈ । ”

ਗੁਰੂ ਅਰਦਾਸ ਜੀ ਅਨੰਦੁ ਸਾਹਿਬ ਵਿੱਚ ਦਸਦੇ ਹਨ ਕਿ ਜਦੋਂ ਮਨੁੱਖ ਦੁਨੀਆਂ ਵਿੱਚ ਮਾਇਆ ਨੂੰ ਵੇਖਦਾ ਹੈ ਤਾਂ ਉਹ ਪਰਮਾਤਮਾ ਨੂੰ ਭੁੱਲ ਜਾਂਦਾ ਹੈ। ਤ੍ਰਿਸ਼ਨਾ ਉਸਨੂੰ ਤੰਗ ਕਰਨ ਲੱਗ ਪੈਂਦੀ ਹੈ। ਜੇ ਮਨੁੱਖ ਮਾਇਆ ਦੇ ਹੁੰਦੇ ਹੋਏ ਵੀ ਪਰਮਾਤਮਾ ਨੂੰ ਪਾ ਲੈਂਦਾ ਹੈ ਤਾਂ ਇਹ ਉਸ ( ਪਰਮਾਤਮਾ ) ਦੀ ਮਿਹਰ ਨਾਲ ਹੀ ਹੋ ਸਕਦਾ ਹੈ—

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ

ਇਹ ਮਾਇਆ ਉਸ ਪ੍ਰਕਾਰ ਹੀ ਹੈ ਜਿਵੇਂ ਪੇਟ ਵਿੱਚ ਜਠਰਾ ਅਗਨੀ ਹੁੰਦੀ ਹੈ। ਅਤੇ ਜਿਵੇਂ ਪਰਮਾਤਮਾ ਜਗ੍ਰਾ ਅਦਾਨੀ ਵਿੱਚ ਮਨੁੱਖ ਦੀ ਰੱਖਿਆ ਕਰਦਾ ਹੈ। ਜੋ ਤਰ੍ਹਾਂ ਮਾਇਆ ਤੋਂ ਵੀ ਰਖਿਆ ਕਰਦਾ ਹੈ

ਜੈਸੀ ਅਗਿਨ ਉਦਰ ਮਹਿ ਤੈਸੀ ਬਾਹਰਿ ਮਾਇਆ

ਮਾਇਆ ਅਗਿਨ ਸਭ ਇਕੋ ਜੇਹੀ ਕਰਤੈ ਖੇਲ ਰਚਾਇਆ।

**1.2.5 ਮੁਕਤੀ :**

ਮੁਕਤੀ ਤੋਂ ਭਾਵ ਹੈ ਆਵਾਗਵਣ ਤੋਂ ਛੁਟਕਾਰਾ ਪਾਉਣਾ। ਪਰ ਮੁਕਤੀ ਪਰਮਾਤਮਾ ਤੋਂ ਮੂੰਹ ਫੇਰ ਕੇ ਨਹੀਂ ਪ੍ਰਾਪਤ ਹੋ ਸਕਦੀ , ਸਗੋਂ ਸ਼ਬਦ ਕੀਰਤਨ ਕਰਨ ਨਾਲ ਅਤੇ ਪਰਮਾਤਮਾ ਦੇ ਜਸ ਗਾਉਣ ਨਾਲ ਮਿਲਦੀ ਹੈ। ਮੁਕਤੀ ਪ੍ਰਾਪਤ ਕਰਨ ਲਈ ਪਹਿਲਾਂ ਆਪਾ ਆਪ ਗਵਾਣਾ ਪੈਂਦਾ ਹੈ :

" ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ ॥

ਅਤੇ ਅਨੰਦੁ ਸਾਹਿਬ ਦੀ 22 ਵੀਂ ਪੀੜੀ ਵਿੱਚ ਆਪ ਲਿਖਦੇ ਹਨ :

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ

ਪਾਵੈ ਮੁਕਿਤ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ

ਅਨੇਕ ਜੂਨੀ ਭਰਮ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ

ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਬਣਾਏ

ਕਹੈ ਨਾਨਕ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥

ਇਸ ਤਰ੍ਹਾਂ ਬ੍ਰਹਮ ਦੀ ਇਸ ਸ੍ਰਿਸ਼ਟੀ ਦੇ ਰਚਨਹਾਰ ਦੀ ਪ੍ਰਾਪਤੀ ਲਈ ਮਨੁੱਖ ਨੂੰ ਦੁਨੀਆਂ ਤੇ ਆ ਕੇ ਮੋਹ ਮਾਇਆ ਦੇ ਜਾਲ ਵਿੱਚ ਨਹੀਂ ਫਸਣਾ ਚਾਹੀਦਾ , ਮੁਕਤੀ ਪ੍ਰਾਪਤ ਕਰਨ ਲਈ ਇਹ ਇਕ ਵੱਡਾ ਮਾਰਗ ਹੈ।

**1.3 ਸਾਧਨਾ ਪੱਖ** :

ਸਾਧਨਾਂ ਤੋਂ ਭਾਵ ਪ੍ਰਾਪਤੀ ਦਾ ਤਰੀਕਾ। ਡਾ : ਸ਼ੇਰ ਸਿੰਘ ਲਿਖਦੇ ਹਨ , ਕਿਸੇ ਮਤ ਦੇ ਇਲਮੀ ਤੇ ਅਮਲੀ ਪਹਿਲੂਆਂ ਵਿੱਚ ਭੇਦ ਬਹੁਤ ਪੁਰਾਣਾ ਹੈ। ਇਕ ਪਹਿਲੂ ਇਧਾਂਤ ਫਿਲਾਸਫੀ ਹੈ ਅਤੇ ਦੂਜਾ ਪਹਿਲੂ ਹੈ ਮਾਰਗ।

ਅਨੰਦੁ ਦਾ ਮਾਰਗ ਪਰਮਾਤਮਾ ਦਾ ਮਾਰਗ ਹੈ। ਸਾਧਨਾ ਅੰਕ ਵਿੱਚ ਇਕ ਥਾਂ ਤੇ ਆਉਂਦਾ ਹੈ " ਕਿਸੇ ਵਸਤ ਦਿ ਸਿਧੀ ਲਈ ਮਨ –ਬਚ ਕਰਮ ਰਾਹੀਂ ਯਤਨ ਕਰਨਾ ਸਾਧਨਾ ਹੈ। ਸਿਧੀ ਅਰਥਾਤ ਫਲ ਦੀ ਪ੍ਰਾਪਤੀ ਦੇ ਮਨੋਰਥ ਨਾਲ ਜੋ ਕੰਮ ਕੀਤਾ ਜਾਂਦਾ ਹੈ ਉਸ ਦਾ ਨਾਂ ਹੈ -- ਸਾਧਨਾ। " ਗੁਰੂ ਅਮਰਦਾਸ ਜੀ ਲਿਖਦੇ ਹਨ—

" ਸਾਚੀ ਲਿਵੈ ਬਿਨੁ ਦੇਹ ਨਿਮਾਣੀ

ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ

ਸਾਧਨਾ ਪੱਖ ਆਧੀਨ , ਪਰਮਾਤਮਾ ਦੀ ਪ੍ਰਾਪਤੀ ਹੇਠ ਲਿਖੇ ਸਾਧਨਾਂ ਦੁਆਰਾ ਹੋ ਸਕਦੀ ਹੈ ।

- **ਧਰਮ ਸਾਧਨਾ ਦੇ ਮਾਰਗ**

ਪਰਮਾਤਮਾ ਦੀ ਪ੍ਰਾਪਤੀ ਲਈ ਧਾਰਮਿਕ ਪੱਖੋਂ ਕੁਝ ਸਾਧਨ ਬਣਾਏ ਗਏ ਹਨ ਜੋ ਹੇਠ ਲਿਖੇ ਹਨ:

**1.3.1 ਗਿਆਨ ਮਾਰਗ** : - ਗਿਆਨ ਮਾਰਗ ਵਿੱਚ ਮਨੁੱਖ ਨੂੰ ਆਪੇ ਦਾ ਗਿਆਨ ਹੋਣਾ ਚਾਹੀਦਾ ਹੈ । ਗਿਆਨ ਤੋਂ ਭਾਵ ਹੈ ਚਾਨਣਾ । ਪਰਮਾਤਮਾ ਦੀ ਪ੍ਰਾਪਤੀ ਲਈ ਸਾਧਨਾਂ ਅਤੇ ਸਾਧਨਾਂ ਵਿੱਚ ਆਉਣ ਵਾਲੀਆਂ ਰੁਕਾਵਟਾਂ ਦਾ ਗਿਆਨ ਵੀ ਜ਼ਰੂਰੀ ਹੈ । ਮਨੁੱਖੀ ਆਪੇ ਦਾ ਬਾਹਰਲਾ ਗਿਆਨ ਤਾਂ ਕਰਮ - ਇੰਦ੍ਰੀਆਂ ਰਾਹੀਂ ਪ੍ਰਾਪਤ ਹੋ ਜਾਂਦਾ ਹੈ ਪਰ ਆਤਮਿਕ ਗਿਆਨ ਜਾਂ ਆਤਮਿਕ ਸਾਂਝ ਦੇ ਗਿਆਨ ਹੋ ਜਾਣ ਨਾਲ ਹੀ ਅਸਲੀ ਖੁਸ਼ੀ ਪ੍ਰਾਪਤ ਹੁੰਦੀ ਹੈ । ਪਰਮਾਤਮਾ ਨੇ ਨੌ ਦੁਆਰ ਤਾਂ ਸਰੀਰ ਦੇ ਪ੍ਰਗਟ ਰਖੇ ਹਨ ਪਰ ਦਸਵਾਂ ਦੁਆਰ ਗੁਪਤ ਹੈ । ਇਸ ਦਸਵੇਂ ਦੁਆਰ ਦਾ ਗਿਆਨ ਤਾਂ ਹੀ ਹੋ ਸਕਦਾ ਹੈ ਆ ਜੇ ਆਤਮਿਕ ਸੂਝ ਹੋਵੇ ਤਾਂ ਜੋ ਇਸ ਸੂਝ ਦੀ ਹੀ ਪ੍ਰਾਪਤੀ ਹੋ ਜਾਏ ਤਾਂ ਮਨੁੱਖ ਨੂੰ ਅਸਲੀ ਖੇੜਾ, ਖੁਸ਼ੀ ਜਾਂ ਅਨੰਦੁ ਦੀ ਪ੍ਰਾਪਤੀ ਹੁੰਦੀ ਹੈ

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ

ਵਜਾਇਆ ਵਾਜਾ ਪਉਣ ਨਾਉ ਦੁਆਰੇ ਪਰਗੁਟ ਕੀਏ ਦਸਵਾ ਗੁਪਤੁ ਰਖਾਇਆ

**1.3.2 ਕਰਮ ਮਾਰਗ** : -

ਕਰਮ ਦਾ ਅਰਥ ਹੈ ਕੰਮ ਕਰਨਾ । ਪਰਮਾਤਮਾ ਮਨੁੱਖ ਨੂੰ ਇਸ ਦੁਨੀਆਂ ਵਿੱਚ ਤਾਂ ਹੀ ਭੇਜਦਾ ਹੈ ਕਿ ਮਨੁੱਖ ਇਥੇ ਆ ਕੇ ਕੁਝ ਕਰੇ । ਇਥੋਂ ਤਕ ਸਰੀਰ ਦੇ ਹਰ ਇਕ ਭਾਗ ਦੇ ਆਪਣੇ ਆਪਣੇ ਕੰਮ ਹਨ । ਇਸ ਕਰਮ ਮਾਰਗ ਦੀ ਸਹਾਇਤਾ ਨਾਲ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ । ਗੁਰ ਅਮਰਦਾਸ ਜੀ ਮਨੁੱਖੀ ਸਰੀਰ ਤੋਂ ਪੁੱਛਦੇ ਹਨ ਕਿ ਉਸਨੇ ਇਸ ਜਗ ਤੇ ਆ ਕੇ ਕੀ ਕਰਮ ਕੀਤੇ ਹਨ-

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ

ਕਿਆ ਤੁਧੁ ਕਰਮ ਕਮਾਇਆ

ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ।

**1.3.3 ਭਗਤੀ ਮਾਰਗ**

ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਇਕ ਰਾਹ ਪ੍ਰੇਮ ਭਗਤੀ ਹੈ। ਪ੍ਰਭੂ ਨਾਲ ਇਕ ਮਿਕ ਹੋ ਕੇ ਦੁਨਿਆਵੀ ਗੱਲਾਂ ਨੂੰ ਭੁਲ ਕੇ ਪਰਮਾਤਮਾ ਦਾ ਜਸ ਗਾਉਣਾ ਤੇ ਭਗਤੀ ਕਰਨਾ । ਭਗਤੀ ਤਾਂ ਬਾਣੀ ਦੇ ਪੜ੍ਹਨ ਸੁਣਨ ਨਾਲ ਹੀ ਹੋ ਸਕਦੀ ਹੈ । ਇਹ ਬਾਣੀ ਹੀ ਸੱਭ ਤੋਂ ਉਤਮ ਬਾਣੀ ਹੈ ਜਿਸ ਨਾਲ ਭਗਤੀ ਦਾ ਮਾਰਗ ਅਪਨਾਇਆ ਜਾ ਸਕਦਾ ਹੈ:

“ ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ

ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ

ਪਰ ਭਗਤੀ ਮਾਰਗ ਤੇ ਚਲਣ ਵਾਲੇ ਭਗਤਾਂ ਦੀ ਚਾਲ ਦੁਨਿਆਵੀ ਮਨੁੱਖਾਂ ਤੋਂ ਵੱਖਰੀ ਹੁੰਦੀ ਹੈ ਕਿਉਂਕਿ ਉਨ੍ਹਾਂ ਨੂੰ ਕਠਿਨ ਤੋਂ ਕਠਿਨ ਰੁਕਾਵਟਾਂ ਨੂੰ ਪਾਰ ਕਰਨਾ ਪੈਂਦਾ ਹੈ ---

ਭਗਤਾ ਤਾ ਕੀ ਚਾਲ ਨਿਰਾਲੀ

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ

**1.3.4 ਸਹਿਜ ਮਾਰਗ** : -

ਸਾਧਨਾ ਮਾਰਗ ਦਾ ਇਕ ਪੱਖ ਸਹਿਜ ਮਾਰਗ ਹੈ। ਸਹਿਜ ਮਾਰਗ ਵਿੱਚ ਪਰਮਾਤਮਾ ਦੇ ਹਰ ਹੁਕਮ ਨੂੰ ਨਿਮਰਤਾ ਨਾਲ ਸਹਿਣਾ ਪੈਂਦਾ ਹੈ। ਪਰ ਸਹਿਜ ਦੀ ਉਤਪਤੀ ਕਰਮ ਕਾਂਡਾਂ ਦੇ ਨਾਲ ਨਹੀਂ ਹੋ ਸਕਦੀ। ਇਨ੍ਹਾਂ ਕਰਮ ਕਾਂਡਾਂ ਤੋਂ ਦੂਰ , ਸ਼ੰਕਿਆਂ ਨੂੰ ਛੱਡ ਕੇ ਸ਼ਬਦ ( ਭਗਤੀ ) ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ ਤੇ ਸਹਿਜ ਦੀ ਉਤਪਤੀ ਵੀ ਗੁਰੂ ਦੀ ਕਿਰਪਾ ਨਾਲ ਹੀ ਹੁੰਦੀ ਹੈ : --

" ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ

ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ

ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ

ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ

ਕਹੈ ਨਾਨਕ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥

ਇਸ ਤਰ੍ਹਾਂ –ਪਰਮਾਤਮਾ ਦੀ ਪ੍ਰਾਪਤੀ ਲਈ ਗਿਆਨ ਦਾ ਹੋਣਾ ਜ਼ਰੂਰੀ ਹੈ ਤੇ ਇਹ ਗਿਆਨ ਭਗਤੀ ਦੇ ਕੰਮ ਨਾਲ ਹੀ ਪ੍ਰਾਪਤ ਹੋ ਸਕਦਾ ਹੈ , ਇਸ ਲਈ ਬਹਿਜ ਦਾ ਹੋਣਾ ਜ਼ਰੂਰੀ ਹੈ।

1.4 **ਰਹੱਸਮਈ ਪੱਖ** :

ਰਹਸ ਤੋਂ ਭਾਵ ਹੈ ਕਿਸੇ ਚੀਜ਼ ਦਾ ਭੇਦ ਅਤੇ ਰਹਸਮਈ ਪੱਖ ਕਿਸੇ ਚੀਜ਼ ਦਾ ਭੇਦ ਡੂੰਘੀ ਖੋਜ ਦੁਆਰਾ ਜਾਣਨਾ। ਇਥੇ ਰਹਸਮਈ ਪੱਖ ਤੋਂ ਭਾਵ ਉਨ੍ਹਾਂ ਸਾਧਨਾਂ ਤੋਂ ਲੈਂਦੇ ਹਾਂ ਜਿੰਨ੍ਹਾਂ ਦੀ ਪ੍ਰਾਪਤੀ ਨਾਲ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।

**1.4.1 ਸ਼ਬਦ** :

ਇਨ੍ਹਾਂ ਵਿੱਚ ਸਭ ਤੋਂ ਪਹਿਲਾਂ ਹੈ ਸ਼ਬਦ। ਗੁਰਬਾਣੀ ਵਿੱਚ ਸ਼ਬਦ ਤੋਂ ਭਾਵ ਪਰਮਾਤਮਾ ਦੀ ਉਸਤਤਿ ਵਿੱਚ ਗਾਇਆ ਜਾਣ ਵਾਲਾ ਗੀਤ , ਬਾਣੀ ਹੈ। ਸ਼ਬਦ ਜਾਂ Word ਦੋ ਜਾਂ ਦੋ ਤੋਂ ਵਧ ਅੱਖਰਾਂ ਤੋਂ ਮਿਲਕੇ ਬਣਿਆ ਹੁੰਦਾ ਹੈ ਪਰ ਗੁਰਬਾਣੀ ਵਿੱਚ ਸ਼ਬਦ ਦੀ ਬਹੁਤ ਮਹੱਤਾ ਹੈ। ਗੁਰੂ ਜਾਂ ਪਰਮਾਤਮਾ ਦਾ ਸ਼ਬਦ ਹੀ ਮਨੁੱਖ ਲਈ ਬ੍ਰਹਮ ਹੈ ਅਤੇ ਇਹ ਹੀਰੇ ਦੇ ਸਮਾਨ ਹੈ :

" ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥

ਪਰ ਇਹ ਸ਼ਬਦ ਰੂਪੀ ਮੰਗਲਗੀਤ ਬਹੁਤ ਹੀ ਚੰਗਾ ਲਗਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਇਹ ਉਨ੍ਹਾਂ ਦੇ ਮਨ ਵਿੱਚ ਹੀ ਵਾਧਾ ਕਰਦਾ ਹੈ ਜਿੰਨ੍ਹਾਂ ਦੇ ਕਰਮਾਂ ਵਿੱਚ ਧੁਰੋਂ ਲਿਖਿਆ ਹੁੰਦਾ ਹੈ –

" ਏਹੁ ਸੋਹਿਲਾ ਸਬਦੁ ਸੁਹਾਵਾ

ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ "

ਅਤੇ ਵਾਰ ਸਾਰੰਗ ਵਿੱਚ ਆਪ ਲਿਖਦੇ ਹਨ : ਹਨ :

" ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ

ਬਿਨੁ ਸਬਦੈ ਜਗਿ ਅਨੇਰੁ ਹੈ ਸਬਦੈ ਪਰਗਟੁ ਹੋਇ ॥

**1.4.2 ਨਾਮ :**

ਗੁਰਮਤਿ ਵਿਚਾਰਧਾਰਾ ਵਿੱਚ ਨਾਮ ਦਾ ਅਰਥ ਸੁਧਾਰਣ ਨਾਮ ( Name ਜਾਂ Noun ) ਤੋਂ ਨਹੀਂ ਲਿਆ ਜਾਂਦਾ। ਸਗੋਂ ਨਾਮਾ ਸ਼ਬਦ ਅਕਾਲ ਪੁਰਖ , ਪਰਵਦਗਾਰ, ਸਿਰਜਨਹਾਰ , ਪਰਮਾਤਮਾ ਲਈ ਵਰਤਿਆ ਜਾਂਦਾ ਹੈ। ਜੋ ਹਸਤੀ ਅਤੇ ਕਾਲ ਤੋਂ ਰਹਿਤ ਹੈ।

ਗੁਰੂ ਅਮਰਦਾਸ ਜੀ ਨਾਮ ਬਾਰੇ ਕਹਿੰਦੇ ਹਨ ਕਿ ਇਹ ਸ਼ਬਦ ਇਤਨਾ ਮਹਾਨ ਹੈ ਜਿਸ ਮਨ ਵਿੱਚ ਇਸ ਦਾ ਵਾਸਾ ਹੋ ਜਾਏ ਉਸਨੂੰ ਕਿਸੇ ਚੀਜ਼ ਦੀ ਕਮੀ ਨਹੀਂ ਰਹਿੰਦੀ ਪਰ ਕੋਈ ਵੀ ਚੀਜ਼ ਪ੍ਰਾਪਤ ਕਰਨ ਲਈ ਮਨੁੱਖ ਦੇ ਮਨ ਅੰਦਰ ਪਰਮਾਤਮਾ ਦੇ ਨਾਮ ਦਾ ਵਾਸਾ ਹੋਣਾ ਜ਼ਰੂਰੀ ਹੈ

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ

ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ

ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ

ਨਾਮ ਜਿਨ ਕੈ ਮਨਿ ਵਸਿਆ ਵਾਜੈ ਸਬਦ ਘਨੇਰੇ

ਕਹੈ ਨਾਨਕੁ ਸਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥

ਪਰਮਾਤਮਾ ਦਾ ਨਾਮ ਜਦੋਂ ਜੀਵਨ ਦਾ ਆਧਾਰ ਬਣ ਜਾਂਦਾ ਹੈ ਤਾਂ ਮਨੁੱਖ ਦੀਆਂ ਇਛਾਵਾਂ ਦੀ ਪੂਰਤੀ ਹੋ ਜਾਂਦੀ ਹੈ।

**1.4.3 ਲਿਵ:-**

ਲਿਵ ਦਾ ਅਰਥ ਹੈ ਲਗਨ। ਪਰਮਾਤਮਾ ਨਾਲ ਲਿਵ ਜੋੜਨੀ ਚਾਹੀਦੀ ਹੈ ਜਿਸ ਤੋਂ ਮੁਕਤੀ ਤੇ ਅਨੰਦੁ ਦੀ ਪ੍ਰਾਪਤੀ ਹੋਵੇ। ਅਨੰਦੁ ਸਾਹਿਬ ਵਿਚ ਲਿਵ ਦਾ ਵਰਣਨ ਇਸ ਤਰ੍ਹਾਂ ਆਉਂਦਾ ਹੈ।

ਸਾਚੀ ਲਿਵੈ ਬਿਨੁ ਦੇਹ ਨਿਮਾਣੀ

ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ

1.5 **ਸਾਰ**

ਸਮੁੱਚੇ ਅਧਿਐਨ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਅਨੰਦੁ ਸਾਹਿਬ ਵਿੱਚ ਆਸ਼ਾਵਾਦ ਦੀ ਬਹੁਲਤਾ ਹੈ ਜਦੋਂ ਕਿ ਨਿਰਾਸ਼ਾਵਾਦ ਜੀਵਨ ਲਈ ਇਕ ਬੋਝ ਹੈ। ਮਹਾਂ ਕਵੀ ਟੈਗੋਰ ਇਕ ਥਾਂ ਤੇ ਲਿਖਦੇ ਹਨ , " ਕਈ ਤਾਂ ਸਿਰਫ ਇਸ ਕਰਕੇ ਹੀ ਜੀਵਨ ਭਰ ਉਦਾਸ ਰਹਿੰਦੇ ਹਨ ਕਿ ਕਿਤੇ ਉਨ੍ਹਾਂ ਉਤੇ ਕੋਈ ਬਿਪਤਾ ਹੀ ਨਾ ਆ ਪਵੈ। " ਪਰ ਇਸ ਦੇ ਉਲਟ ਗੁਰੂ ਸਾਹਿਬ ਮਨੁੱਖੀ ਜੀਵਨ ਨੂੰ ਬਹੁਤ ਚੰਗਾ ਸਮਝਦੇ ਹਨ। Dale Carngie ਦਾ ਕਥਨ ਹੈ , " ਹਰ ਦਿਨ ਉਸ ਈ ਨਵੀਂ ਜ਼ਿੰਦਗੀ ਦਾ ਆਦੇਸ਼ ਹੈ। ਅਨੰਦੁ ਸਾਹਿਬ ਵਿੱਚ ਗੁਰੂ ਸਾਹਿਬ ਨੇ ਉਨ੍ਹਾਂ ਵਿਅਕਤੀਆਂ ਦੀ ਹੀ ਪ੍ਰਸ਼ੰਸਾ ਕੀਤੀ ਹੈ ਜੋ ਆਪਣਏ ਇਸ ਮਨੁੱਖੀ ਜੀਵਨ ਤੋਂ ਕੁਝ ਖੱਟਦੇ ਹਨ ਇਸੇ ਕਰਕੇ ਸ਼ਬਦ, ਬ੍ਰਹਮ, ਗੁਰੂ, ਗੁਰਬਾਣੀ, ਅੰਮ੍ਰਿਤ ਹੈ। ਕਹਿਣ ਤੋਂ ਭਾਵ ਮਨੁੱਖ ਜਦੋਂ ਪਰਮਾਤਮਾ ਦੀ ਉਸਤਿਤ ਵਿਚ ਸ਼ਬਦ ਤੇ ਗੁਰਬਾਣੀ ਦਾ ਗਾਇਨ ਕਰਦਾ ਹੈ ਤਾਂ ਉਸਨੂੰ ਗੁਰੂ ਰੂਪੀ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ।

ਇਸ ਸਾਰੇ ਵਿਸ਼ਲੇਸ਼ਣ ਤੋਂ ਬਾਅਦ ਅਨੰਦੁ ਸਾਹਿਬ ਦੇ ਵਿਸ਼ੇ ਬਾਰੇ ਕਿਹਾ ਜਾ ਸਕਦਾ ਹੈ ਕਿ ਮਨੁੱਖ ਨੂੰ ਪਰਮਾਤਮਾ ਦੀ ਰਜ਼ਾ ਵਿੱਚ ਰਹਿ ਕੇ ਦਿਖਾਵੇ ਦੇ ਉਲਟ, ਪਰਮਾਤਮਾ ਦੇ ਗੁਣ ਗਾ ਕੇ ਸੱਚੇ ਅਨੰਦੁ ਦੀ ਪ੍ਰਾਪਤੀ ਦੇ ਢੰਗ ਦੱਸੇ ਹਨ। ਇਸ ਤਰ੍ਹਾਂ ਅਨੰਦੁ ਸਾਹਿਬ ਵਿਚ ਅਨੰਦੁ ਦੇ ਅਧਿਆਤਮਿਕ ਮੁੱਖ ਵਿਸ਼ੇ ਅਧੀਨ ਕਈ ਸੰਬੰਧਿਤ ਵਿਸ਼ੇ ਸਮਾਏ ਹੋਏ ਹਨ ਜੋ ਅਨੰਦੁ ਪ੍ਰਾਪਤੀ ਦਾ ਸੱਚਾ, ਸੁੱਚਾ, ਠੀਕ ਤੇ ਸਫਲ ਰਾਹ ਦੱਸਦੇ ਹਨ।

# ਸਿਧ ਗੋਸਟਿ

**1.0 ਜਾਣ-ਪਛਾਣ**

**1.1 ਸਿਰਲੇਖ**

**1.2 ਵਾਰਤਾਲਾਪ**

**1.3 ਰਚਨ-ਸਥਾਨ**

**1.4 ਰਚਨਕਾਲ**

**1.5 ਸਾਰ**

## 1.0 ਜਾਣ-ਪਛਾਣ

ਸਿਧ ਗੋਸਟਿ ਬਾਣੀ ਸਿੱਖਾਂ ਦੇ ਪਹਿਲੇ ਗੁਰੂ ਗੁਰੂ ਨਾਨਕ ਸਾਹਿਬ ਜੀ ਦੀ ਮਹਾਨ ਰਚਨਾ ਹੈ। ਇਸ ਬਾਣੀ ਵਿਚ ਗੁਰੂ ਨਾਨਕ ਸਾਹਿਬ ਦੀ ਸਿਧਾਂ ਨਾਲ ਹੋਈ ਇਕ ਲੰਬੀ ਗੋਸਟੀ ਦਾ ਵਰਣਨ ਹੈ। ਇਸ ਵਿਚ ਗੁਰੂ ਨਾਨਕ ਸਾਹਿਬ ਨੂੰ ਸਿਧਾਂ ਨੇ ਸਵਾਲ ਕੀਤੇ ਅਤੇ ਗੁਰੂ ਸਾਹਿਬ ਨੇ ਉਨ੍ਹਾਂ ਦੇ ਜਵਾਬ ਵੀ ਦਿੱਤੇ। ਇਸ ਦਾ ਵਿਸਥਾਰਪੂਰਵਕ ਵਰਣਨ ਹੇਠ ਲਿਖੇ ਅਨੁਸਾਰ ਹੈ:

## 1.1 ਸਿਰਲੇਖ

ਇਸ ਬਾਣੀ ਦਾ ਸਿਰਲੇਖ ਹੈ ਸਿਧ ਗੋਸਟਿ। ਭਾਈ ਕਾਹਨ ਸਿੰਘ ਨਾਭਾ ਨੇ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਸਿਧ ਸ਼ਬਦ ਦੇ ਕਈ ਅਰਥ ਕੱਢੇ ਹਨ ਜਿਵੇ ਜਾਣਾ, ਆਗਿਆ ਕਰਨੀ, ਉਪਦੇਸ਼ ਦੇਣਾ, ਮੰਗਲ ਕਰਨਾ, ਵਰਜਣਾ, ਪ੍ਰਸਿੱਧ ਹੋਣਾ, ਪੂਰਣ ਹੋਣਾ, ਸ਼ੁੱਧ ਹੋਣਾ, ਸਿਧੀ ਨੂੰ ਪ੍ਰਾਪਤ ਹੋਇਆ ਆਦਿ। ਇਕ ਹੋਰ ਵਿਚਾਰ ਅਨੁਸਾਰ ਸਿਧ ਉਹ ਹੈ ਜਿਸਦੀ ਅਧਿਆਤਮਕ ਸਾਧਨਾ ਪੂਰੀ ਹੋ ਚੁੱਕੀ ਹੋਵੇ ਜੋ ਯੋਗ ਦੀਆਂ ਵਿਭੂਤੀਆਂ ਪ੍ਰਾਪਤ ਕਰ ਚੁੱਕਾ ਪੂਰਣ ਯੋਗੀ ਹੋਵੇ।

ਕਈ ਵਿਦਵਾਨਾਂ ਨੇ ਸਿਧ ਦਾ ਅਰਥ “ਸਿਧੀ” ਅਰਥਾਤ ਕਰਾਮਾਤ ਨਾਲ ਜੋੜਿਆ ਹੈ। ਉਹ ਲੋਕ ਜਿਹੜੇ ਸਿਧੀਆਂ ਪ੍ਰਾਪਤ ਕਰ ਲੈਂਦੇ ਹਨ, ਸਿਧ ਅਖਵਾਉਂਦੇ ਹਨ।

ਸਿਧ ਦੇ ਅਰਥ ਹਨ, ਨਿਰਣੇ ਕੀਤਾ ਗਿਆ। ਇਸੇ ਤੋਂ ਹੀ ਸਿਧਾਂਤ ਸ਼ਬਦ ਦੀ ਉਤਪਤੀ ਹੋਈ ਜਿਸ ਦਾ ਅਰਥ ਹੁੰਦਾ ਹੈ, ਨਿਰਣੇ ਕੀਤਾ ਹੋਇਆ ਮੱਤ। ਸਿਧ ਸ਼ਬਦ ਇਹ ਲੋਕ ਆਪਣੇ ਲਈ ਵਰਤਦੇ ਹਨ ਕਿਉਂਕਿ ਇਹਨਾਂ ਨਾਵਾਂ ਦੇ ਪੁਰਤਾਨ ਆਗੂਆਂ ਨੇ ਕੁਝ ਵਿਸ਼ੇਸ਼ ਸਿਧਾਂਤਾਂ ਨੂੰ ਸਿੱਧ ਕੀਤਾ ਸੀ ਤਦੋਂ ਤੋਂ ਹੀ ਇਹ ਲੋਕ ਸਿਧ ਅਖਵਾਉਣ ਲਗ ਪਏ ਪ੍ਰਤੀਤ ਹੁੰਦਾ ਹੈ। ਇਸ ਪ੍ਰਕਾਰ ਸਪਸ਼ਟ ਹੈ ਕਿ ਸਿਧ ਉਹ ਹੈ ਜਿਸ ਨੇ ਆਪਣੇ ਆਪ ਨੂੰ ਸਾਧ ਲਿਆ ਹੈ। ਅਰਥਾਤ ਜੋ ਸਾਧਨਾ ਵਿਚ ਪੂਰਾ ਹੈ। ਜਿਸ ਨੇ ਯੋਗ ਅਭਿਆਸ ਦੁਆਰਾ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਕੀਤੀ ਹੈ ਅਰਥਾਤ ਕਰਾਮਾਤੀ ਹੈ। ਗੋਸਟਿ ਸ਼ਬਦ ਸੰਸਕ੍ਰਿਤ ਦੇ ਗੋਸ਼ਠ ਧਾਤੂ ਤੋਂ ਬਣਿਆ ਹੈ ਜਿਸਦਾ ਅਰਥ ਹੈ ਇਕੱਠਾ ਕਰਨਾ

ਇਸ ਤੋਂ ਭਾਵ ਵਾਰਤਾਲਾਪ, ਬਹਿਸ ਜਾਂ ਵਿਚਾਰ ਅਤੇ ਸਭਾ ਜਾਂ ਮੇਲ ਹੈ। ਪੰਜਾਬੀ ਵਿਚ ਗੋਸਟਿ ਦੇ ਅਰਥ ਧਰਮ, ਚਰਚਾ, ਸੰਗਤ, ਬਾਤਚੀਤ, ਵਾਰਤਾਲਾਪ, ਮਿਤਰਤਾਈ, ਸਾਂਝ ਸਭਾ, ਇਕੱਠ ਆਦਿ ਕੀਤੇ ਹਨ।

ਇਸ ਪ੍ਰਕਾਰ ਦੋਹਾਂ ਸ਼ਬਦਾਂ ਦੇ ਸੰਯੁਕਤ ਅਰਥ ਸਿਧਾਂ ਨਾਲ ਵਿਚਾਰ ਚਰਚਾ ਜਾਂ ਵਾਰਤਾਲਾਪ ਹੀ ਬਣਦੇ ਹਨ। ਇਸ ਬਾਣੀ ਦੇ ਕਰਤਾ, ਗੁਰੂ ਨਾਨਕ ਦੇਵ ਜੀ ਹਨ। ਇਸ ਤਰ੍ਹਾਂ ਉਚ ਵਿਚਾਰ ਚਰਚਾ ਜਿਹੜੀ ਗੁਰੂ ਨਾਨਕ ਸਾਹਿਬ ਦੀ ਸਿਧਾਂ ਨਾਲ ਹੋਈ ਸਿਧ ਗੋਸਟਿ ਅਖਵਾਉਂਦੀ ਹੈ। ਜੋ ਕਿ ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਰਾਗ ਵਿਚ ਦਰਜ ਹੈ।

ਪ੍ਰੋ. ਸਾਹਿਬ ਸਿੰਘ ਅਨੁਸਾਰ ਸਿਧ ਸ਼ਬਦ ਦਾ ਦੂਸਰਾ ਅਰਥ ਪਰਮਾਤਮਾ ਵੀ ਹੈ ਅਤੇ ਲਫ਼ਜ਼ ਗੋਸਟਿ ਦਾ ਵੀ ਦੂਜਾ ਅਰਥ ਹੈ ਮੇਲ, ਸਨਬੰਧ, ਇਸ ਤਰ੍ਹਾਂ ਸਿਧ ਗੋਸਟਿ ਦੇ ਦੋ ਅਰਥ ਹਨ ਸਿਧਾਂ ਨਾਲ ਗਲਬਾਤ ਅਤੇ ਦੂਜਾ ਪਰਮਾਤਮਾ ਨਾਲ ਮਿਲਾਪ।

ਡਾ. ਰਤਨ ਸਿੰਘ ਜੱਗੀ ਵੀ ਬਾਣੀ ਦੇ ਅੰਦਰਲੇ ਪ੍ਰਮਾਣ ਦੇ ਆਧਾਰ ਤੇ ਇਸ ਦਾ ਅਰਥ ਸਫ਼ਲ ਮੁਲਾਕਾਤ ਜਾਂ ਪੂਰਣ ਮੇਲ ਕਰਦੇ ਹਨ

ਨਾਮਿ ਰਤੇ ਸਿਧ ਗੋਸਟਿ ਹੋਈ

ਅਰਥਾਤ ਨਾਮ ਦੇ ਵਿਚ ਰੰਗੀਨ ਨਾਲ ਪੂਰਣ ਮੁਲਾਕਾਤ ਅਰਥਾਤ ਪਰਮਾਤਮਾ ਨਾਲ ਮੇਲ ਵੀ ਪ੍ਰਾਪਤੀ ਹੁੰਦੀ ਹੈ। ਇਸ ਲਈ ਆਪਣੇ ਪਰੰਪਰਾਗਤ ਅਰਥਾਂ ਤੋਂ ਛੁੱਟ ਸਿਧ ਗੋਸਟਿ ਪਰਮਾਤਮਾ ਦੇ ਮੇਲ ਜਾਂ ਪ੍ਰਾਪਤੀ ਦੀ ਸੂਚਕ ਬਾਣੀ ਵੀ ਹੈ। ਭਾਈ ਕਾਹਨ ਸਿੰਘ ਨਾਭਾ ਨੇ ਸਿਧ ਗੋਸਟਿ ਦੇ ਅਰਥ ਸਿਧਾਂ ਦੀ ਗੋਸਟਿ, ਸਿਧਾਂ ਨਾਲ ਪ੍ਰਸ਼ਨ-ਉੱਤਰ, ਰਾਮਕਲੀ ਰਾਗ ਵਿਚ 73 ਪਦਾਂ ਦੀ ਸਤਿਗੁਰੂ ਨਾਨਕ ਦੇਵ ਜੀ ਦੀ ਇਕ ਬਾਣੀ ਜਿਸ ਵਿਚ ਸਿਧਾਂ ਨਾਲ ਪ੍ਰਸ਼ਨੋਤਰ ਹੋਏ ਹਨ, ਯੋਗੀਆਂ ਨੂੰ ਪਰਮਾਰਥ ਦਾ ਉਪਦੇਸ਼ ਦਿੱਤਾ ਹੈ।

ਸਮੁੱਚੀ ਸਿਧ ਗੋਸਟਿ ਵਿਚ ਉਸ ਵਿਚਾਰ ਚਰਚਾ ਦਾ ਬਿਆਨ ਹੈ, ਜੋ ਗੁਰੂ ਨਾਨਕ ਸਾਹਿਬ ਦੀ ਸਿਧ ਯੋਗੀਆਂ ਨਾਲ ਪ੍ਰਭੂ ਮਿਲਾਪ ਦੇ ਮਾਰਗ ਦੇ ਸੰਬੰਧ ਵਿਚ ਹੋਈ। ਇਸ ਬਾਣੀ ਵਿਚ ਯੋਗ ਮੱਤ ਦੇ ਉਲਾਰੂ ਪੱਖਾਂ ਦਾ ਵਿਗਿਆਨਕ ਵਿਧੀ ਦੁਆਰਾ ਕੀਤਾ ਗਿਆ ਵਿਸ਼ਲੇਸ਼ਣ ਬਝਵੇਂ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਗੋਸਟਿ ਆਪਣੇ ਮਤ ਦੀ ਪ੍ਰੋੜਤਾ ਤੇ ਸਪਸ਼ਟੀਕਰਨ ਲਈ ਵਰਤੀ ਗਈ ਇਕ ਸਾਹਿਤਕ ਵਿਧੀ ਹੈ ਜਿਸਦੀ ਪਰੰਪਰਾ ਬਹੁਤ ਪੁਰਾਣੀ ਹੈ।

**1.2 ਵਾਰਤਾਲਾਪ:-**

ਇਹ ਗੋਸਟਿ ਕਿਥੇ ਹੋਈ – ਇਹ ਇਕ ਮਹੱਤਵਪੂਰਣ ਨੁਕਤਾ ਹੈ। ਇਸ ਬਾਰੇ ਵੱਖ-ਵੱਖ ਵਿਦਵਾਨਾਂ ਦੀ ਵੱਖ-ਵੱਖ ਰਾਇ ਹੈ। ਕੁਝ ਤਾਂ ਇਸਦਾ ਸਥਾਨ ਗੁਰਦਾਸਪੁਰ ਨੇੜੇ ਅਚਲ ਬਟਾਲੇ ਨੂੰ ਮੰਨਦੇ ਹਨ ਅਤੇ ਕੁਝ ਇਸ ਦਾ ਸੰਬੰਧ ਸੁਮੇਰ ਪਰਬਤ ਜੋੜਦੇ ਹਨ। ਕਈ ਵਿਦਵਾਨ ਇਸ ਰਚਨਾ ਦਾ ਸੰਬੰਧ ਕਿਸੇ ਇਕ ਨਿਸ਼ਚਿਤ ਸਥਾਨ ਨਾਲ

ਜੋੜਨ ਦੀ ਬਜਾਇ ਇਹ ਵਿਚਾਰ ਪ੍ਰਗਟ ਕਰਦੇ ਹਨ ਕਿ ਗੁਰੂ ਨਾਨਕ ਸਾਹਿਬ ਆਪਣੇ ਸਮੁੱਚੇ ਜੀਵਨ ਸਫਰ ਦੇ ਅੰਤਰਗਤ ਵੱਖ-ਵੱਖ ਸਮਿਆਂ ਤੇ ਵੱਖ-ਵੱਖ ਯੋਗੀਆਂ ਨੂੰ ਮਿਲਦੇ ਰਹੇ ਅਤੇ ਵਿਚਾਰ ਵਟਾਂਦਰਾ ਕਰਦੇ ਰਹੇ। ਪਿਛੋਂ ਜਾ ਕੇ ਯੋਗ ਮੱਤ ਦੇ ਪਰਥਾਏ ਗੁਰਮਤਿ ਸਿਧਾਂਤਾਂ ਦੇ ਸਪਸ਼ਟੀਕਰਨ ਲਈ ਇਹ ਸਾਹਿਤਕ ਰੂਪ ਅਪਨਾ ਕੇ ਇਸ ਬਾਣੀ ਦੀ ਰਚਨਾ ਕੀਤੀ।

ਭਾਈ ਗੁਰਦਾਸ ਨੇ ਆਪਣੀ ਰਚਨਾ ਵਿਚ ਗੋਰਖ ਮਤਾ, ਸੁਮੇਰ ਪਰਬਤ ਅਤੇ ਅਚਲ ਬਟਾਲਾ ਤਿੰਨ ਅਸਥਾਨਾਂ ਤੇ ਗੁਰੂ ਨਾਨਕ ਸਾਹਿਬ ਨਾਲ ਸਿਧ ਜੋਗੀਆਂ ਦੇ ਮੇਲ ਦਾ ਵਰਣਨ ਕੀਤਾ ਹੈ। ਭਾਈ ਗੁਰਦਾਸ ਦੀ ਪਹਿਲੀ ਵਾਰ ਦੀ 28ਵੀਂ, 29ਵੀਂ, ਅਤੇ 31ਵੀਂ ਪਉੜੀ ਸੁਮੇਰ ਪਰਬਤ ਨਾਲ ਸੰਬੰਧਿਤ ਹੈ। ਜਦ ਕਿ 39ਤੋਂ 44 ਇਹ ਛੇ ਪਉੜੀਆਂ ਅਚਲ ਬਟਾਲੇ ਦੀ ਗੋਸਟਿ ਨਾਲ ਸੰਬੰਧਿਤ ਹਨ—

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਬਾਈ
.....
ਵੇਖਿ ਚਲਿਤ੍ਰਿ ਜੋਗੀ ਖੁਣਿਸਾਈ। (39ਵੀਂ ਪਉੜੀ)
ਖਾਧੀ ਖੁਣਸਿ ਜੁਗੀਸਰਾ ਗੋਸਟਿ ਕਰਨਿ ਸਭੇ ਉਠਿ ਆਈ
ਪੁਛੇ ਜੋਗੀ ਭੰਗਰ ਨਾਥੁ ਤੁਹਿ ਦੁਧ ਵਿਚ ਕਿਉ ਕਾਂਜੀ ਪਾਈ
ਬਿਨ ਦਿਤੇ ਕਛੁ ਹਥਿ ਨ ਆਈ।
ਬਾਬੇ ਕੀਤੀ ਸਿਧ ਗੋਸਟਿ ਸਬਦਿ ਸਾਤਿ ਸਿਧਾ ਵਿਚ ਆਈ
ਜਿਣ ਮੇਲਾ ਸ਼ਿਵਰਾਤਿ ਦਾ ਖਟ ਦਰਸ਼ਨ ਆਦੇਸਿ ਕਰਾਈ
ਜਿਉਂ ਸਾਗਰ ਵਿਚ ਗੰਗ ਸਮਾਈ।

ਭਾਈ ਗੁਰਦਾਸ ਦੁਆਰਾ ਬਟਾਲੇ ਵਾਲੀ ਗੋਸਟਿ ਦਾ ਵਿਸਥਾਰ ਪੂਰਵਕ ਵਰਣਨ ਅਤੇ 44ਵੀਂ ਪਉੜੀ ਵਿਚ ਸਿਧ ਗੋਸਟਿ ਸ਼ਬਦ ਦੀ ਉਸੇ ਰੂਪ ਵਿਚ ਵਰਤੋਂ ਦੇ ਆਧਾਰ ਤੇ ਇਹ ਮਤ ਹੋਂਦ ਵਿਚ ਆਇਆ ਕਿ ਇਹ ਗੋਸਟਿ ਅਚਲ ਬਟਾਲੇ ਵਿਖੇ ਹੋਈ। ਦੂਸਰਾ ਵਿਚਾਰ ਸੁਮੇਰ ਪਰਬਤ ਨੂੰ ਇਸ ਗੋਸ਼ਟੀ ਦਾ ਅਸਥਾਨ ਨਿਸਚਿਤ ਕਰਦਾ ਹੈ। ਭਾਈ ਗੁਰਦਾਸ ਜੀ ਨੇ ਸੁਮੇਰ ਪਰਬਤ ਵਾਲੀਆਂ ਪਉੜੀਆਂ ਦੇ ਆਰੰਭ ਵਿਚ ਚਉਰਾਸੀਹ ਸਿਧ ਗੋਰਖਾਦਿ ਕਿਹ ਕੇ ਸਿਧ ਗੋਸਟਿ ਵਿਚਲੇ ਸਿਧਾਂ ਦੇ ਨਾਵਾਂ ਨਾਲ ਸਪਸ਼ਟ ਸੰਕੇਤ ਕਰ ਦਿੱਤਾ ਹੈ। ਸਿਧ ਗੋਸਟਿ ਦੀਆਂ ਬਹੁਤ ਸਾਰੀਆਂ ਤੁਕਾਂ ਭਾਈ ਗੁਰਦਾਸ ਜੀ ਦੀਆਂ ਸੁਮੇਰ ਪਰਬਤ ਸੰਬੰਧੀ ਪਉੜੀਆਂ ਨਾਲ ਮਿਲਦੀਆਂ ਹਨ—

ਕਵਨ ਤੁਮੈ ਕਾ ਨਾਉ ਤੁਮਾਰਾ
ਕਉਣ ਮਾਰਗ ਕਉਨ ਸੁਆਉ।
ਆਖਣਿ ਸਿਧ ਸੁਣਿ ਬਾਲਿਆ ਆਪਨਾ ਨਾਉ ਤੁਮ ਦੇਹੁ ਬਤਾਈ।

ਸਿਧ ਗੋਸਟਿ ਵਿਚ ਕੁਝ ਪ੍ਰਸ਼ਨ ਵੀ ਅਜਿਹੇ ਹਨ ਜਿਹੜੇ ਗੁਰੂ ਨਾਨਕ ਸਾਹਿਬ ਦੀ ਸਿਧਾਂ ਨਾਲ ਮੁਢਲੀ ਜਾਣ ਪਛਾਣ ਦੇ ਸੂਚਕ ਹਨ ਜਿਵੇਂ—

ਕਹ ਬੈਸਹੁ ਕਹ ਰਹੀਐ ਬਾਲੇ
ਕਹ ਆਵਹੁ ਕਹ ਜਾਹੋ
ਨਾਨਕ ਬੋਲੇ ਸੁਣ ਬੈਰਾਗੀ
ਕਿਆ ਤੁਮਾਰਾ ਰਾਹੋ। ਸਿਧ ਗੋਸਟਿ
ਕਵਨ ਮੂਲ ਕਵਨ ਮਤਿ ਵੇਲਾ। ਤੇਰਾ ਕਵਨ ਗੁਰੂ ਜਿਸਕਾ ਤੂ ਚੇਲਾ
ਕਵਨ ਕਥਾ ਲੇ ਰਹੁਹੁ ਨਿਰਾਲੇ। ਬੋਲੈ ਨਾਨਕ ਸੁਣਹੁ ਤੁਮ ਬਾਲੇ। (ਸਿਧ ਗੋਸਟਿ)

ਸਿਧ ਗੋਸਟਿ ਵਿਚਲਾ ਸ਼ਬਦ ਬਾਲਾ ਵੀ ਸੁਮੇਰ ਪਰਬਤ ਦੇ ਬਿਰਤਾਂਤ ਵਿਚ ਹੀ ਮਿਲਦਾ ਹੈ। ਇਹਨਾਂ ਨੁਕਤਿਆਂ ਦੇ ਆਧਾਰ ਤੇ ਸਿਧ ਗੋਸਟਿ ਦਾ ਸਥਾਨ ਸੁਮੇਰ ਪਰਬਤ ਨਿਸਚਿਤ ਕੀਤਾ ਜਾ ਸਕਦਾ ਹੈ। ਇਹਨਾਂ ਦੋ ਮਤਾਂ ਤੋਂ ਇਲਾਵਾ ਤੀਸਰਾ ਮੱਤ ਪੁਰਾਤਨ ਜਨਮ ਸਾਖੀ ਦੇ ਕਰਤਾ ਦਾ ਹੈ। ਇਹ ਸਿਧ ਗੋਸਟਿ ਦਾ ਸੰਬੰਧ ਗੋਰਖ ਹਟੜੀ ਨਾਲ ਜੋੜਦਾ ਹੈ। ਜਿਵੇਂ : ਉਦਾਸੀ ਪੰਜਵੀਂ ਬਾਬਾ ਗੋਰਖ ਹਟੜੀ ਕਿਆ। ਉਥੇ ਸਿਧਾਂ ਡਿਠਾ, ਸਿਧਾਂ ਪੁਛਣ ਕੀਤਾ, ਜੋ ਤੂੰ ਕਉਣ ਖਤਰੀ ਹੈ? ਤਬ ਬਾਬੇ ਭੀ ਆਖਿਆ: ਨਾਨਕ ਆਖਦੇ ਹੈਨਿ। ਤਬ ਚਉਰਾਸੀਹ ਸਿਧ ਆਸਣ ਕਰ ਬੈਠੇ। ਤਦਹੁ ਸਿਧਾਂ ਆਖਿਆ : ਭਗਤ ਕਿਛੁ ਜਸ ਕਰੁ। ਤਬ ਬਾਬਾ ਬੋਲਿਆ: ਸ੍ਰੀ ਸਤਿਗੁਰ ਪ੍ਰਸਾਦਿ।। ਗੋਸਟਿ ਮਹਲਾ ੧ ਰਾਗ ਰਾਮ ਕਲੀ ਵਿਚ ਗੋਸਟਿ ਹੋਈ।

ਸਿਧ ਸਭਾ ਕਰ ਆਸਣੁ ਬੈਠੇ
ਸੰਤ ਸਭਾ ਜੈਕਾਰੋ।

ਇਹ ਵਿਚਾਰ ਵੀ ਪ੍ਰਚਲਿੱਤ ਹੈ ਕਿ ਗੋਸਟੀ ਕਿਸੇ ਨਿਸ਼ਚਿਤ ਸਥਾਨ ਤੇ ਨਹੀਂ ਹੋਈ। ਡਾ. ਤਾਰਨ ਸਿੰਘ ਵੀ ਗੋਸਟਿ ਦਾ ਕੋਈ ਨਿਸ਼ਚਿਤ ਸਥਾਨ ਨਹੀਂ ਦਸਦੇ। ਉਨ੍ਹਾਂ ਅਨੁਸਾਰ ਗੁਰੂ ਸਾਹਿਬ ਦੀ ਸਾਰੀ ਉਮਰ ਸਿਧਾਂ ਜੋਗੀਆਂ ਨਾਲ ਚਰਚਾ ਹੁੰਦੀ ਰਹੀ। ਆਖਰੀ ਐਸੀ ਚਰਚਾ ਅਚਲ ਬਟਾਲੇ ਦੀ ਸੀ। ਉਨ੍ਹਾਂ ਸਾਰੀਆਂ ਬਹਿਸਾਂ ਦਾ ਸਾਰ ਰੂਪ ਗੁਰੂ ਸਾਹਿਬ ਨੇ ਸਿਧ ਗੋਸਟਿ ਵਿਚ ਅੰਕਿਤ ਕੀਤਾ ਹੈ। ਇਸ ਪ੍ਰਕਾਰ ਇਹ ਗੋਸਟਿ ਇਕ ਪ੍ਰਕਾਰ ਦੀ ਆਤਮ-ਕਥਾ ਹੈ, ਜਿਸ ਵਿਚ ਗੁਰੂ ਸਾਹਿਬ ਨੇ ਸਮੇਂ-ਸਮੇਂ ਸਿਧਾਂ ਨਾਲ ਹੋਈਆਂ ਵਿਚਾਰਾਂ ਦਾ ਸਾਰ ਦਿਤਾ ਹੈ।

**1.3 ਰਚਨ-ਸਥਾਨ:-**

ਇਸ ਬਾਣੀ ਬਾਰੇ ਹੋਰ ਵਿਚਾਰ ਵੀ ਪ੍ਰਚਲਿੱਤ ਹਨ ਕਿ ਇਹ ਬਾਣੀ ਕਿਹੜੇ ਸਥਾਨ ਤੇ ਅਤੇ ਕਦੋਂ ਰਚੀ ਗਈ। ਇਸ ਰਚਨਾ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ ਮੁਲਤਾਨ ਦੀ ਯਾਤਰਾ ਵੇਲੇ ਜਾਂ ਕਰਤਾਰਪੁਰ ਪਹੁੰਚ ਕੇ ਲਿਖੀ ਗਈ। ਮੁਲਤਾਨ ਤੋਂ ਕਰਤਾਰਪੁਰ ਆਉਣ ਤੇ ਏਥੇ ਟਿਕ ਜਾਣ ਦਾ ਸਮਾਂ ਗੁਰੂ ਨਾਨਕ ਸਾਹਿਬ ਦੇ ਜੀਵਨ ਦਾ ਅੰਤਿਮ ਸਮਾਂ ਮੰਨਿਆਂ ਜਾਂਦਾ ਹੈ ਤਾਂ ਸੰਭਵ ਹੈ ਕਿ ਇਹ ਰਚਨਾ ਕਰਤਾਰਪੁਰ ਵਿਚ ਹੀ ਰਚੀ ਗਈ ਹੋਵੇ।

**1.4 ਰਚਨਕਾਲ :-**

ਇਸ ਬਾਣੀ ਦੇ ਰਚਨ ਕਾਲ ਸੰਬੰਧੀ ਵੱਖ-ਵੱਖ ਵਿਦਵਾਨਾਂ ਨੇ ਆਪਣਾ ਮੱਤ ਪ੍ਰਗਟਾਇਆ ਹੈ। ਇਹ ਤਾਂ ਸਿੱਧ ਹੋ ਚੁੱਕਾ ਹੈ ਕਿ ਇਸ ਬਾਣੀ ਦੀ ਰਚਨਾ ਗੁਰੂ ਸਾਹਿਬ ਨੇ ਕਰਤਾਰਪੁਰ ਵਿਖੇ ਆਪਣੇ ਜੀਵਨ ਕਾਲ ਦੇ ਅੰਤਿਮ ਪੜਾਅ ਵਿਚ ਕੀਤੀ। ਗੁਰੂ ਸਾਹਿਬ ਦੀਆਂ ਉਦਾਸੀਆਂ 1521ਈ. ਵਿਚ ਸਮਾਪਤ ਹੋਈਆਂ ਮੰਨੀਆਂ ਜਾਂਦੀਆਂ ਹਨ ਅਤੇ ਉਹਨਾਂ ਦੇ ਜੋਤੀ ਜੋਤ ਸਮਾਉਣ ਦਾ ਸਮਾਂ 1539 ਈ. ਨਿਸਚਿਤ ਹੈ। ਇਸ ਪ੍ਰਕਾਰ ਕਰਤਾਰਪੁਰ ਰਹਿਣ ਦਾ ਸਮਾਂ 18 ਸਾਲ ਬਣਦਾ ਹੈ। ਬਾਕੀ ਦੀਆਂ ਲੰਮੀਆਂ ਬਾਣੀਆਂ ਵਾਂਗ ਸਿਧ ਗੋਸਟਿ ਬਾਰੇ ਵੀ ਆਮ ਇਹੀ ਵਿਚਾਰ ਹਾ ਕਿ ਇਸ ਦੀ ਰਚਨਾ ਵੀ ਇਸੇ ਸਮੇਂ ਵਿਚ ਹੀ ਹੋਈ ਹੈ। ਇਕ ਗੱਲ ਹੋਰ ਸਪੱਸ਼ਟ ਹੈ ਕਿ ਇਹ ਰਚਨਾ ਸ਼ਿਵਰਾਤਰੀ ਦੇ ਮੇਲੇ ਤੋਂ ਬਾਅਦ ਹੋਈ ਹੈ ਕਿਉਂਕਿ ਅਚੱਲ ਬਟਾਲੇ ਵਿਖੇ ਸ਼ਿਵਰਾਤਰੀ ਦੇ ਮੇਲੇ ਤੋਂ ਗੁਰੂ ਸਾਹਿਬ ਦ ਯੋਗੀਆਂ ਨਾਲ ਅੰਤਿਮ ਚਰਚਾ ਹੋਈ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਦੇ 84 ਸਿਧਾਂ ਨਾਲ ਹੋਈ ਵਿਚਾਰ ਚਰਚਾ ਬਾਰੇ ਵਰਣਨ ਕੀਤਾ ਹੈ:

ਫਿਰ ਜਾ ਚੜੇ ਸੁਮੇਰ ਪਰ
ਸਿਧ ਮੰਡਲੀ ਦ੍ਰਿਸ਼ਟੀ ਆਈ
ਚੌਰਾਸੀਹ ਸਿਧ ਗੋਰਖਾਦਿ
ਮਨ ਅੰਦਰ ਗਣਤੀ ਵਰਤਾਈ

ਨਾਥ ਪੰਥੀਆਂ ਵਿਚ ਪਹਿਰਾਵੇ ਬਾਹਰੀ ਭੇਖਾਂ ਤੇ ਬਹੁਤ ਜ਼ੋਰ ਦਿੱਤਾ ਗਿਆ ਪਰ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਭੇਖਾਂ ਦੀ ਕਰੜੇ ਰੂਪ ਵਿਚ ਆਲੋਚਨਾ ਕੀਤੀ ਗਈ ਹੈ। ਗੁਰੂ ਨਾਨਕ ਸਾਹਿਬ ਨੇ ਯੋਗ ਮੱਤ ਦੇ ਚਿੰਨਾਂ ਨੂੰ ਗੁਰਮਤਿ ਅਨੁਸਾਰੀ ਅਰਥ ਪ੍ਰਦਾਨ ਕੀਤੇ ਹਨ। ਜੋ ਕਿ ਧਰਮ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਤਾ ਦੇ ਲਖਾਇਕ ਹਨ। ਗੁਰੂ ਸਾਹਿਬ ਦੀ ਬਾਣੀ ਵਿਚ ਬਾਹਰੀ ਰਹਿਤ ਨਾਲੋਂ ਅੰਦਰ ਦੀ ਰਹਿਤ ਤੇ ਵਧੇਰੇ ਬਲ ਦਿੱਤਾ ਗਿਆ ਹੈ।

**1.5 ਸਿੱਟਾ**

ਸਿਧ ਗੋਸਟਿ ਦੇ ਆਲੋਚਨਾਤਮਿਕ ਵਿਸ਼ਲੇਸ਼ਣ ਤੋਂ ਬਾਅਦ ਇਹੀ ਨਿਸਚਿਤ ਹੁੰਦਾ ਹੈ ਕਿ ਇਹ ਵਿਚਾਰ ਗੋਸ਼ਟੀ ਕਿਸੇ ਨਿਸਚਿਤ ਸਮੇਂ ਅਤੇ ਸਥਾਨ ਤੇ ਨਹੀਂ ਹੋਈ । ਕਈਆਂ ਨੇ ਇਸ ਨੂੰ ਸੁਮੇਰ ਪਰਬਤ ਤੇ ਹੋਈ ਦਸਿਆ ਹੈ , ਕਈਆਂ ਨੇ ਅਚਲ ਬਟਾਲੇ ਅਤੇ ਕਈਆਂ ਨੇ ਗੋਰਖ ਹਟੜੀ ਨੂੰ ਇਸ ਗੋਸਟੀ ਦਾ ਸਥਾਨ ਮੰਨਿਆ ਹੈ । ਪਰ ਇਸ ਸਾਰੇ ਵਿਚਾਰ ਤੋਂ ਇਹੀ ਸਿੱਧ ਹੁੰਦਾ ਹੈ ਕਿ ਇਹ ਗੁਰੂਦੇਵ ਦੇ ਸਮੁਚੇ ਜੀਵਨ ਦੇ ਅੰਤਰਗਤ ਵਖ ਵਖ ਸਮਿਆਂ ਤੇ ਸਿਧ ਜੋਗੀਆਂ ਨਾਲ ਹੋਈ ਵਿਚਾਰ ਚਰਚਾ ਦਾ ਸਾਰ ਰੂਪ ਹੈ । ਇਹ ਗੋਸਟਿ ਨਾਥ ਸੰਪ੍ਰਦਾਇ ਦੇ ਅਨੁਯਾਈਆਂ ਨਾਲ ਹੋਈ ਸਿਧ ਹੁੰਦੀ ਹੈ ਜੋ ਕਿ ਹਠ - ਯੋਗ ਪ੍ਰਣਾਲੀ ਦੇ ਹਾਮੀ ਸਨ । ਇਸ ਬਾਣੀ ਦੀ ਰਚਨਾ ਕਰਤਾਰਪੁਰ ਵਿਖੇ ਗੁਰੂਦੇਵ ਨੇ ਜੀਵਨ ਦੇ ਅੰਤਮ ਪੜਾਅ ਵਿੱਚ ਕੀਤੀ । ਸਿਧ ਗੋਸਟਿ ਵਿਚ ਜਿਸ ਬ੍ਰਹਮ ਸਰੂਪ ਦਾ ਨਿਰੂਪਣ ਹੋਇਆ ਹੈ ਉਹ ਸਰਬ ਵਿਆਪਕ , ਨਿਰਗੁਣ ਸਰੂਪ ਕਰਤਾ ਬ੍ਰਹਮ ਹੈ । ਬ੍ਰਹਮ ਦੇ ਏਕਤ੍ਵ ਨੂੰ ਦ੍ਰਿੜਾਇਆ ਗਿਆ ਹੈ । ਸਿਸ਼ਟੀ ਦੀ ਰਚਨਾ ਉਸ ਪਰਮਾਤਮਾ ਦੇ ਹੁਕਮ ਅੰਦਰ ਹੋਈ ਹੈ । ਮਨੁੱਖ ਉਸ ਦੇ ਹੁਕਮ ਅਨੁਸਾਰ ਸੰਸਾਰ ਵਿੱਚ ਆਉਂਦਾ ਹੈ , ਹੁਕਮ ਅਨੁਸਾਰ ਇਥੇ ਵਿਚਰਦਾ ਹੈ ਅਤੇ ਹੁਕਮ ਅਨੁਸਾਰ ਹੀ ਇਥੋਂ ਟੁਰ ਜਾਂਦਾ ਹੈ । ਸਿਧ ਗੋਸਟਿ ' ਵਿੱਚ

ਵਿਅਕਤੀਗਤ ਮੁਕਤੀ ਦੇ ਨਾਲ ਨਾਲ ਸਮੂਹਿਕ - ਮੁਕਤੀ ਦੇ ਸੰਕਲਪ ਨੂੰ ਅਪਣਾਇਆ ਗਿਆ ਹੈ। ਇਥੇ ਮਨੁੱਖ ਨੇ ਜੀਵਨ - ਮੁਕਤੀ ਪ੍ਰਾਪਤ ਕਰਨੀ ਹੈ। ਸਿਧ ਗੋਸਟਿ ਦਾ ਆਦਰਸ਼ਕ ਮਨੁੱਖ ਵਿਅਕਤੀਗਤ ਉਦਾਰ ਦੇ ਨਾਲ ਨਾਲ ਸਮਾਜ ਕਲਿਆਣ ਦੇ ਲਈ ਵੀ ਯਤਨਸ਼ੀਲ ਹੁੰਦਾ ਹੈ। ਉਹ ਇਕ ਜੂਝਦਾ ਪਾਤਰ ਪੇਸ਼ ਹੋ ਕੇ ਆਇਆ ਹੈ। ' ਸਿਧ ਗੋਸਟਿ ਵਿੱਚ ਗੁਰੂ ਨਾਨਕ ਸਾਹਿਬ ਦੁਆਰਾ ਇਸ ਯੋਗ ਮਾਰਗ ਦਾ ਸਰੂਪ ਚਿਤਰਤ ਹੋਇਆ ਹੈ ਉਹ ਪ੍ਰਚਲਤ ਭਾਰਤੀ ਯੋਗ ਪ੍ਰਣਾਲੀ ਨਾਲੋਂ ਵਿਲੱਖਣ ਤੇ ਵਿਸ਼ੇਸ਼ ਪ੍ਰਤਿਭਾ ਦਾ ਅਧਿਕਾਰੀ ਹੈ। ਗੁਰੂ ਨਾਨਕ ਸਾਹਿਬ ਦਾ ਯੋਗ, ਹੱਠ - ਯੋਗ ਸਾਧਨਾ ਦਾ ਸਖਤ ਵਿਰੋਧੀ ਹੈ। ਉਹ ਲੈਅ - ਯੋਗ ਦੇ ਕੁੰਡਲਨੀ ਅਭਿਆਸ ਦਾ ਅਨੁਸਾਰੀ ਨਹੀਂ ਹੈ। ਗੁਰੂ ਨਾਨਕ ਸਾਹਿਬ ਦੇ ਯੋਗ ਵਿੱਚ ਮਨ ਦੀ ਸਾਧਨਾ ਲਈ ਗੁਰ - ਸ਼ਬਦ ਦੇ ਅਨੁਸਾਰੀ ਹੋਣ ਤੇ ਬਲ ਦਿਤਾ ਗਿਆ ਹੈ। ਗੁਰੂ ਸਾਹਿਬ ਦੇ ਯੋਗ ਵਿੱਚ ਸੁਰਤਿ - ਸ਼ਬਦ ਸਿਧਾਂਤ ਨੂੰ ਪਹਿਲ ਦਿੱਤੀ ਗਈ ਹੈ। ਇਹ ਪ੍ਰਾਪਤੀ ਸੰਸਾਰਕ ਕਾਰ ਵਿਹਾਰ ਕਰਦਿਆਂ ਹੀ ਕਰਨੀ ਹੈ। ਗੁਰੂ ਨਾਨਕ ਸਾਹਿਬ ਦੇ ਯੋਗ ਵਿਚੋਂ ਸਮਾਜ ਦਾ ਨਿਸ਼ੇਧ ਨਹੀਂ ਹੈ । ਯੋਗ ਦੇ ਨਵਿਰਤੀ ਮਾਰਗ ਦੀ ਥਾਂ ਤੇ ਇਹ ਪ੍ਰਵਿਰਤੀ ਮਾਰਗ ਦਾ ਹਾਮੀ ਹੈ। ਇਥੇ ਗ੍ਰਹਿਸਥ ਵਿਚ ਰਹਿ ਕੇ ਬੈਰਾਗ ਨੂੰ ਪਕੜਨਾ ਹੈ। ਗੁਰੂ ਨਾਨਕ ਸਾਹਿਬ ਦਾ ਯੋਗ ਸਮਾਜ ਵਿਚ ਵਿਚਰਣ ਦੀ ਸੁਹਿਰਦ ਵਿਧੀ ਦਰਸਾਂਦਾ ਹੈ –

ਜੈਸੇ ਜਲ ਮਹਿ ਕਮਲੁ ਨਿਰਲਮ ਮੁਰਗਾਈ ਨੈਸਦੇ।
ਸੁਰਤਿ ਸਬਦ ਭਵ ਸਾਗਰੁ ਤਰੀਐ ਨਾਨਕ ਨਾਮੁ ਵਖ ॥
ਰਹਹਿ ਏਕਾਂਤਿ ਏਕੋ ਮਨ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖ ਦਿਖਾਇ ਨਾਨਕ ਤਾ ਕਾ ਦਾਸੋ ॥ ( ਸਿਧ ਗੋਸਟਿ , ਪਉੜੀ 5 )

ਗੁਰੂ ਸਾਹਿਬ ਦਾ ਯੋਗ ਚਿਤ - ਵਿਤ੍ਰੀਆਂ ਦੀ ਸੁਹਿਰਦ ਤ੍ਰਿਪਤੀ ਦਾ ਹਾਮੀ ਹੈ। ਗੁਰੂ ਸਾਹਿਬ ਦੇ ਯੋਗ ਵਿਚ ਬਾਹਰੀ ਭੇਖਾਂ ਨੂੰ ਕੋਈ ਮਹਤਵ ਪ੍ਰਾਪਤ ਨਹੀਂ ਹੈ। ਕਾਮ , ਕਰੋਧ , ਲੋਭ , ਮੋਹ , ਹੰਕਾਰ , ਦਾ ਤਿਆਗ ਕਰਕੇ ਸਤਿ , ਸੰਤੋਖ ਅਤੇ ਸੰਜਮ ਆਦਿ ਸਦਗੁਣਾਂ ਦਾ ਧਾਰਨੀ ਹੋਣ ਤੇ ਜ਼ੋਰ ਦਿੱਤਾ ਗਿਆ ਹੈ। ਸ਼ਬਦ ਦੀ ਸੋਝੀ ਲਈ ਗੁਰੂ ਦੀ ਲੋੜ ਮੰਨੀ ਗਈ ਹੈ ਤੇ ਸਚੇ ਗੁਰੂ ਦੀ ਪ੍ਰਾਪਤੀ ਉਸ ਪਰਮਾਤਮਾ ਦੀ ਕ੍ਰਿਪਾ ਸਦਕਾ ਹੀ ਹੋ ਸਕਦੀ ਹੈ –

ਨਦਰਿ ਕਰੈ ਤਾ ਸਤਿਗੁਰ ਮੇਲੇ ,,, ।

ਗੁਰੂ ਨਾਨਕ ਸਾਹਿਬ ਦੇ ਯੋਗ ਵਿੱਚ ਨਾਮ ਦੀ ਵਿਸ਼ੇਸ਼ ਮਹੱਤਤਾ ਦ੍ਰਿੜਾਈ ਗਈ ਹੈ। ਨਾਮ ਹਉਮੈ ਦਾ ਨਾਸ ਕਰਦਾ ਹੈ , ਨਾਮ ਮੁਕਤੀ ਦਾ ਸਾਧਨ ਹੈ , ਨਾਮ ਦੀ ਸੋਝੀ ਬਿਨਾਂ ਯੋਗ ਦੀ ਅਸਲੀਅਤ ਨਹੀਂ ਸਮਝੀ ਜਾ ਸਕਦੀ

ਸਬਦੈ ਕਾ ਨਿਖੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥
ਇਹ ਨਾਮ ਦੀ ਪ੍ਰਾਪਤੀ ਸਚੇ ਗੁਰੂ ਤੋਂ ਹੁੰਦੀ ਹੈ –
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ। ( ਪਉੜੀ 72 , ਸਿਧ ਗੋਸਟਿ )

ਸਾਹਿਤਕ ਪੱਖ ਤੋਂ ਇਹ ਇਕ ਸਫਲ ਗੋਸਟਿ ਹੈ। ਗੁਰੂ ਨਾਨਕ ਸਾਹਿਬ ਦੀ ਕਾਵਿ ਪ੍ਰਤਿਭਾ ਨੇ ਦਰਸ਼ਨ ਪ੍ਰਤਿਭਾ ਨੂੰ ਚਮਕਾਇਆ ਹੈ। ਬਹੁਤ ਸਾਰੇ ਸੂਖਮ ਨੁਕਤਿਆਂ ਨੂੰ ਕਾਵਿ ਦੀਆਂ ਸੂਖਮ ਚਿੜੀਆਂ ਹੀ ਪਕੜ ਸਕਦੀਆਂ ਹਨ। ਸਿਧ

ਗੋਸਟਿ ਇਸ ਪੱਖ ਤੋਂ ਇਕ ਸਫਲ ਕਾਵਿ ਹੈ । ਕਾਵਿ ਅਤੇ ਦਰਸ਼ਨ ਦਾ ਸੁੰਦਰ ਸੁਮੇਲ ਸਿਧ - ਗੋਸਟਿ ਵਿਚ ਪ੍ਰਸਤੁਤ ਹੈ ।